ਐਤਵਾਰ ਸੈਪਸ਼ਲ

# ਲੋਕ ਬਾਣੀ

ਐਤਵਾਰ,04 ਮਈ 2025

## ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਅਤੇ ਇਸ ਖਿਲਾਫ ਘੋਲ਼ ਦਾ ਮਸਲਾ - ਰਣਬੀਰ

ਅੰਗਰੇਜ਼ੀ ਸਾਮਰਾਜੀ ਗੁਲਾਮੀ ਤੋਂ ਮੁਕਤੀ ਤੋਂ ਬਾਅਦ ਭਾਰਤ ਦੀ ਰਾਜਸੱਤ੍ਹਾ ਉੱਤੇ ਕਾਬਜ ਹੋਏ ਹਾਕਮਾਂ ਵੱਲੋਂ ਵੱਖ-ਵੱਖ ਕੌਮੀਅਤਾਂ ਨੂੰ ਦਬਾਉਣ ਦੀ ਨੀਤੀ ਲਾਗੂ ਕੀਤੀ ਗਈ ਹੈ। ਇਸੇ ਨੀਤੀ ਤਹਿਤ ਪੰਜਾਬੀ ਕੌਮੀਅਤ ਨਾਲ਼ ਅਨੇਕਾਂ ਭਿਆਨਕ ਬੇਇਨਸਾਫੀਆਂ ਹੋਈਆਂ ਹਨ। ਇਹਨਾਂ ਵਿੱਚ ਇੱਕ ਅਹਿਮ ਬੇਇਨਸਾਫੀ ਹੈ ਇਸਦੇ ਦਰਿਆਵਾਂ ਦਾ ਪਾਣੀ ਖੋਹਣਾ। ਕਿਸੇ ਵੀ ਕੌਮੀ ਖਿੱਤੇ ਦੇ ਕੁਦਰਤੀ ਸ੍ਰੋਤ-ਸਾਧਨਾਂ ਉੱਤੇ ਉੱਥੋਂ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਨਾਜਾਇਜ ਕਨੂੰਨਾਂ, ਸੰਧੀਆਂ ਨਾਲ਼ ਇਹ ਹੱਕ ਖੋਹ ਲਏ ਜਾਣ ਨਾਲ਼ ਇਹ ਹੱਕ ਮਰ ਨਹੀਂ ਜਾਂਦਾ। ਚੜ੍ਹਦੇ ਪੰਜਾਬ (ਇਸਤੋਂ ਬਾਅਦ ਸਿਰਫ ਪੰਜਾਬ ਲਿਖਾਂਗੇ) ਦੇ ਲੋਕਾਂ ਨੂੰ ਇਸਦੇ ਦਰਿਆਵਾਂ ਦੇ ਪਾਣੀ ਦੇ ਹੱਕ ਤੋਂ ਕੇਂਦਰੀ ਤੇ ਸੂਬਾਈ ਹਕੂਮਤਾਂ ਦੀ ਨਾਪਾਕ ਮਿਲ਼ੀਭੁਗਤ ਕਾਰਨ ਵਾਂਝੇ ਰਹਿਣਾ ਪਿਆ ਹੈ। ਇਸ ਖਿਲਾਫ਼ ਰੋਸ ਹੋਣਾ ਸੁਭਾਵਿਕ ਵੀ ਹੈ ਤੇ ਜ਼ਰੂਰੀ ਵੀ।

ਮੌਜੂਦਾ ਸਮੇਂ ਵਿੱਚ ਪੰਜਾਬ ਭਿਆਨਕ ਜਲ ਸੰਕਟ ਕੰਢੇ ਖੜ੍ਹਾ ਹੈ। ਜ਼ਮੀਨ ਹੇਠਲਾ ਪਾਣੀ ਆਖਰੀ ਸਾਹ ਲੈ ਰਿਹਾ ਹੈ। ਪੰਜਾਬ ਵਿੱਚ ਜਲ ਸੰਕਟ ਦਾ ਇੱਕ ਵੱਡਾ ਕਾਰਨ ਇਸਦੇ ਦਰਿਆਈ ਪਾਣੀਆਂ ਦਾ ਖੋਹਿਆ ਜਾਣਾ ਹੈ। ਜਲ ਸੰਕਟ ਦੇ ਇਸ ਦੌਰ ਵਿੱਚ ਦਰਿਆਈ ਪਾਣੀਆਂ ਦੇ ਮਸਲੇ ਉੱਤੇ ਚਰਚਾ ਵਧਣੀ, ਰੋਹ ਤਿੱਖਾ ਹੋਣਾ ਸੁਭਾਵਿਕ ਹੈ। ਕੇਂਦਰੀ ਅਤੇ ਸੂਬਾਈ ਸਰਮਾਏਦਾਰਾਂ ਸਰਕਾਰਾਂ ਦਰਿਆਈ ਪਾਣੀਆਂ ਦੇ ਮਸਲੇ ਨੂੰ ਵੱਖ-ਵੱਖ ਸੂਬਿਆਂ ਦੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਲਈ ਵਰਤਦੀਆਂ ਰਹੀਆਂ ਹਨ। ਇਸ ਸੁਲਝਾਉਣ ਯੋਗ ਮਸਲੇ ਨੂੰ ਨਾ ਸੁਲਝਾ ਕੇ ਇਸਦੇ ਹੱਲ ਨੂੰ ਲਟਕਾ ਕੇ ਲੋਕਾਂ ਦਾ ਧਿਆਨ ਹੋਰ ਜਰੂਰੀ ਮੁੱਦਿਆਂ ਤੋਂ ਭਟਕਾਉਂਦੀਆਂ ਰਹੀਆਂ ਹਨ। ਹੁਣ ਵੀ ਅਜਿਹਾ ਹੋ ਰਿਹਾ ਹੈ ਅਤੇ ਆਉਣ ਵਾਲ਼ੇ ਦਿਨਾਂ ਵਿੱਚ ਅਜਿਹਾ ਹੋਰ ਵੱਡੇ ਪੱਧਰ ਉੱਤੇ ਹੋਵੇਗਾ। ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਹਾਕਮਾਂ ਦੀਆਂ ਇਹਨਾਂ ਚਾਲਾਂ ਨੂੰ ਇਸ ਮਸਲੇ ਦੀ ਸਹੀ ਸਮਝ ਅਤੇ ਇਸ ਸਹੀ ਸਮਝ ਅਧਾਰਿਤ ਲਾਮਬੰਦੀ ਰਾਹੀਂ ਨਾਕਾਮ ਕਰਨਾ ਚਾਹੀਦਾ ਹੈ ਅਤੇ ਮਸਲੇ ਦੇ ਵਿਗਿਆਨਕ-ਜਮਹੂਰੀ-ਨਿਆਂਈ ਢੰਗ ਨਾਲ਼ ਹੱਲ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਦਰਿਆਵਾਂ ਦੇ ਪਾਣੀਆਂ ਦੇ ਹੱਕ ਕੌਮਾਂਤਰੀ ਪੱਧਰ ਉੱਤੇ ਮਾਨਤਾ ਪ੍ਰਾਪਤ ਰਿਪੇਰੀਅਨ ਸਿਧਾਂਤ ਮੁਤਾਬਿਕ ਤੈਅ ਹੁੰਦੇ ਹਨ। ਰਿਪੇਰੀਅਨ ਸਿਧਾਂਤ ਮੁਤਾਬਿਕ ਦਰਿਆਵਾਂ ਦੇ ਪਾਣੀਆਂ ਉੱਤੇ ਉਹਨਾਂ ਦੇ ਕੁਦਰਤੀ ਵਹਾਅ ਦੇ ਕੰਢਿਆਂ ਨਾਲ਼ ਲੱਗਦੇ ਖਿੱਤਿਆਂ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਦਰਿਆਵਾਂ ਦੇ ਪਾਣੀਆਂ ਦਾ ਲਾਭ ਵੀ ਉਹੀ ਲੋਕ ਚੁੱਕਣਗੇ ਜਿਸ ਖਿੱਤੇ ਦੇ ਲੋਕ ਇਹਨਾਂ ਦੇ ਹੜ੍ਹਾਂ ਦੀ ਮਾਰ ਵੀ ਝੱਲਦੇ ਆਏ ਹੋਣ ਜਾਂ ਝੱਲ ਰਹੇ ਹੋਣ। ਦਰਿਆਈ ਖੇਤਰ ਜੇਕਰ ਦੋ ਜਾਂ ਦੋ ਤੋਂ ਵਧੇਰੇ ਦੇਸ਼ਾਂ ਜਾਂ ਸੂਬਿਆਂ ਦੀਆਂ ਰਾਜਕੀ/ਪ੍ਰਸ਼ਾਸਨਿਕ ਇਕਾਈਆਂ ਵਿੱਚ ਵੰਡੇ ਹੋਣ ਤਾਂ ਉਹ ਸੂਬੇ ਜਾਂ ਦੇਸ਼ ਉਸ ਦਰਿਆ ਦੇ ਰਿਪੇਰੀਅਨ ਦੇਸ਼/ਸੂਬੇ ਕਹਾਉਂਦੇ ਹਨ ਅਤੇ ਉਹਨਾਂ ਵਿਚਕਾਰ ਸਬੰਧਤ ਦਰਿਆ ਦਾ ਪਾਣੀ ਵੰਡਿਆ ਜਾਂਦਾ ਹੈ। ਇਸਦਾ ਅਰਥ ਇਹ ਵੀ ਹੈ ਕਿ ਕਿਸੇ ਦਰਿਆ ਦੇ ਗੈਰ-ਰਿਪੇਰੀਅਨ ਖਿੱਤੇ ਦੇ ਲੋਕਾਂ ਦਾ ਉਸ ਦਰਿਆ ਦੇ ਪਾਣੀ ਉੱਤੇ ਹੱਕ ਨਹੀਂ ਹੁੰਦਾ। ਦਰਿਆਵਾਂ ਦੇ ਪਾਣੀਆਂ ਉੱਤੇ ਹੱਕ ਦਾ ਇਹ ਸਿਧਾਂਤ ਇੱਕ ਵਿਗਿਆਨਕ ਤੇ ਜਮਹੂਰੀ ਸਿਧਾਂਤ ਹੈ।

ਭਾਰਤੀ ਕਨੂੰਨ ਵੀ ਰਿਪੇਰੀਅਨ ਸਿਧਾਂਤ ਨੂੰ ਮੰਨਦਾ ਹੈ। ਵੱਖ-ਵੱਖ ਮਾਮਲਿਆਂ ਵਿੱਚ ਅਦਾਲਤਾਂ ਦੇ ਫੈਸਲੇ ਰਿਪੇਰੀਅਨ ਸਿਧਾਂਤ ਮੁਤਾਬਿਕ ਆਏ ਹਨ। ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚਕਾਰ ਨਰਮਦਾ ਦੇ ਪਾਣੀਆਂ ਸਬੰਧੀ ਝਗੜੇ ਸਬੰਧੀ ਬਣੇ ਟ੍ਰਿਬਿਊਨਲ ਨੇ ਫੈਸਲਾ ਸੁਣਾਇਆ ਕਿ ਰਾਜਸਥਾਨ ਨਰਮਦਾ ਦਾ ਰਿਪੇਰੀਅਨ ਸੂਬਾ ਨਹੀਂ ਹੈ ਇਸ ਲਈ ਇਸਦਾ ਇਸ ਦਰਿਆ ਦੇ ਪਾਣੀ ਉੱਤੇ ਹੱਕ ਨਹੀਂ ਬਣਦਾ। ਕਰਨਾਟਕਾ ਅਤੇ ਤਮਿਲਨਾਡੂ ਕਾਵੇਰੀ ਦੇ ਰਿਪੇਰੀਅਨ ਸੂਬੇ ਹਨ। ਇਸ ਲਈ ਉਹਨਾਂ ਦੇ ਇਸਦੇ ਪਾਣੀ ਸਬੰਧੀ ਝਗੜੇ ਦਾ ਫੈਸਲਾ ਰਿਪੇਰੀਅਨ ਸਿਧਾਂਤ ਮੁਤਾਬਿਕ ਹੀ ਕੀਤਾ ਗਿਆ। ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮਹਾਂਰਾਸ਼ਟਰ ਵਿਚਕਾਰ ਕ੍ਰਿਸ਼ਨਾ ਨਦੀ ਦੇ ਪਾਣੀਆਂ ਸਬੰਧੀ ਝਗੜਿਆਂ ਦਾ ਫੈਸਲਾ ਵੀ ਰਿਪੇਰੀਅਨ ਸਿਧਾਂਤ ਮੁਤਾਬਿਕ ਹੀ ਹੋਇਆ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਓਡੀਸਾ, ਮੱਧ ਪ੍ਰਦੇਸ਼ ਅਤੇ ਕਰਨਾਟਕ ਵਿਚਕਾਰ ਗੋਦਾਵਰੀ ਨਦੀ ਦੇ ਝਗੜੇ ਸਬੰਧੀ ਫੈਸਲੇ ਲਈ ਵੀ ਰਿਪੇਰੀਅਨ ਸਿਧਾਂਤ ਨੂੰ ਹੀ ਅਧਾਰ ਬਣਾਇਆ ਗਿਆ। ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੇ ਮਾਮਲੇ ਵਿੱਚ ਵੀ ਰਿਪੇਰੀਅਨ ਸਿਧਾਂਤ ਲਾਗੂ ਕੀਤਾ ਜਾਣਾ ਚਾਹੀਦਾ ਸੀ। ਪਰ ਅਜਿਹਾ ਨਹੀਂ ਕੀਤਾ ਗਿਆ। ਪੰਜਾਬ ਵਾਸੀਆਂ ਨਾਲ਼ ਇਹ ਸਰਾਸਰ ਧੱਕਾ ਹੈ।

ਚੜ੍ਹਦੇ ਪੰਜਾਬ ਵਿੱਚੋਂ ਤਿੰਨ ਦਰਿਆ ਵਗਦੇ ਹਨ- ਸਤਲੁਜ, ਰਾਵੀ ਅਤੇ ਬਿਆਸ। ਪਾਕਿਸਤਾਨ ਵਿੱਚ ਮੌਜੂਦ ਲਹਿੰਦਾ ਪੰਜਾਬ ਇਸਦਾ ਸਹਿ ਰਿਪੇਰੀਅਨ ਸੂਬਾ ਹੈ। ਸੰਨ 1947 ਤੋਂ ਬਾਅਦ ਤਿੰਨਾਂ ਦਰਿਆਵਾਂ ਦੇ ਪਾਣੀਆਂ ਸਬੰਧੀ ਪਾਕਿਸਤਾਨੀ ਹਕੂਮਤ ਨਾਲ਼ ਭਾਰਤੀ ਹਕੂਮਤ ਦਾ ਝਗੜਾ ਸਾਹਮਣੇ ਆਇਆ। ਇਹ ਝਗੜਾ ਸਿੰਧ ਜਲ ਸਮਝੌਤਾ ਹੋਣ ਤੋਂ ਬਾਅਦ ਖਤਮ ਹੋਇਆ ਜਿਸ ਮੁਤਾਬਿਕ ਸਿੰਧ, ਝਨਾਬ ਅਤੇ ਜੇਹਲਮ ਦੇ ਪਾਣੀਆਂ ਦੀ ਮੁੱਖ ਤੌਰ ਉੱਤੇ ਵਰਤੋਂ ਦਾ ਹੱਕ ਪਾਕਿਸਤਾਨ ਨੂੰ ਮਿਲ਼ ਗਿਆ ਅਤੇ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਮੁੱਖ ਤੌਰ ਉੱਤੇ ਭਾਰਤ ਨੂੰ ਮਿਲ਼ ਗਿਆ। ਦਿਲਚਸਪ ਗੱਲ ਇਹ ਹੈ ਕਿ ਇਸ ਸਮਝੌਤੇ ਦਾ ਅਧਾਰ ਵੀ ਰਿਪੇਰੀਅਨ ਸਿਧਾਂਤ ਹੀ ਹੈ। ਸਿੰਧ ਜਲ ਸਮਝੌਤੇ ਤੋਂ ਬਾਅਦ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਉੱਤੇ ਹੱਕ ਚੜ੍ਹਦੇ ਪੰਜਾਬ ਦਾ ਸੀ। ਪਰ ਇਹ ਹੱਕ ਖੋਹ ਲਿਆ ਗਿਆ। ਇਸ ਸਮੇਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਸਿਰਫ 25 ਫੀਸਦੀ ਦੇ ਕਰੀਬ ਹਿੱਸਾ ਹੀ ਪੰਜਾਬ ਨੂੰ ਮਿਲ਼ਦਾ ਹੈ।

ਪੱਕੀਆਂ ਨਹਿਰਾਂ ਰਾਹੀਂ ਲੱਗਭਗ ਪੰਜਾਬ ਦੇ ਹਿੱਸੇ ਦਾ 75 ਫੀਸਦੀ ਪਾਣੀ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਚਲਾ ਜਾਂਦਾ ਹੈ ਅਤੇ ਇਹ ਪਾਣੀ ਵੀ ਪੂਰੀ ਤਰ੍ਹਾਂ ਮੁਫਤ ਦਿੱਤਾ ਜਾ ਰਿਹਾ ਹੈ। ਹਿਮਾਚਲ ਵਿੱਚ ਹੀ ਬਿਆਸ ਦੇ ਪਾਣੀ ਦਾ ਇੱਕ ਹਿੱਸਾ ਸਤਲੁਜ ਵਿੱਚ ਪਾ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਸਤਲੁਜ ਵਿਚਲਾ ਇਹ ਪਾਣੀ ਭਾਖੜਾ ਡੈਮ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸਤੋਂ ਬਾਅਦ ਇਹ ਪਾਣੀ ਨੰਗਲ ਡੈਮ ਕੋਲੋਂ ਪੱਕੀ ਨਹਿਰ ਰਾਹੀਂ ਦਿੱਲੀ, ਹਰਿਆਣਾ ਅਤੇ ਰਾਜਸਥਾਨ ਨੂੰ ਜਾਂਦਾ ਹੈ। ਇਸਤੋਂ ਬਾਅਦ ਸਤਲੁਜ ਵਿੱਚ ਬਹੁਤ ਥੋੜ੍ਹਾ ਪਾਣੀ ਹੀ ਰਹਿ ਜਾਂਦਾ ਹੈ। ਲੁੱਟ ਇੱਥੇ ਹੀ ਨਹੀਂ ਮੁੱਕਦੀ। ਪਠਾਨਕੋਟ ਕੋਲੋਂ ਮਾਧੋਪੁਰ ਹੈਡਵਰਕਸ ਤੋਂ ਨਿੱਕਲਦੀ ਰਾਵੀ-ਬਿਆਸ ਲਿੰਕ ਨਹਿਰ ਰਾਹੀਂ ਰਾਵੀ ਦਾ ਪਾਣੀ ਬਿਆਸ ਵਿੱਚ ਪਾਇਆ ਜਾਂਦਾ ਹੈ ਅਤੇ ਉੱਥੇ ਹਰੀਕੇ ਪੱਤਣ ਵਿੱਚ ਜਿੱਥੇ ਬਿਆਸ ਅਤੇ ਸਤਲੁਜ ਮਿਲ਼ਦੇ ਹਨ ਉੱਥੇ ਬਣੇ ਹੈਡਵਰਕਸ ’ਤੇ ਰਾਵੀ, ਬਿਆਸ ਅਤੇ ਸਤਲੁਜ ਦਾ ਬਚਿਆ ਪਾਣੀ ਇਕੱਠਾ ਕੀਤਾ ਜਾਂਦਾ ਹੈ। ਇੱਥੋਂ 1961 ਵਿੱਚ ਬਣੀ ਇੰਧਰਾ ਗਾਂਧੀ ਨਹਿਰ ਅਤੇ ਬੀਕਾਨੇਰ ਨਹਿਰ ਰਾਹੀਂ ਪਾਣੀ ਰਾਜਸਥਾਨ ਨੂੰ ਜਾਂਦਾ ਹੈ। ਇਸ ਤਰ੍ਹਾਂ ਪੰਜਾਬ ਦੇ ਪਾਣੀ ਦਾ ਵੱਡਾ ਹਿੱਸਾ ਕੇਂਦਰੀ ਹਕੂਮਤ ਨੇ ਖੋਹ ਕੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਦੇ ਦਿੱਤਾ ਹੈ।

ਸੰਨ 1947 ਤੋਂ ਬਾਅਦ ਪਾਕਿਸਤਾਨ ਨਾਲ਼ ਪਾਣੀਆਂ ਦੀ ਵੰਡ ਨੂੰ ਲੈ ਕੇ ਚੱਲੇ ਝਗੜੇ ਵਿੱਚ ਭਾਰਤੀ ਹਾਕਮਾਂ ਨੇ ਗੈਰ-ਵਾਜ਼ਬ ਢੰਗ ਨਾਲ਼ ਘੱਗਰ ਦਰਿਆ ਨੂੰ ਸਿੰਧ ਨਦੀ ਖੇਤਰ ਦਾ ਹਿੱਸਾ ਕਿਹਾ। ਇਸ ਰਾਹੀਂ ਰਾਜਸਥਾਨ ਨੂੰ ਪੰਜਾਬ ਦਾ ਸਹਿ-ਰਿਪੇਰੀਅਨ ਸੂਬਾ ਐਲਾਨਿਆ ਅਤੇ ਪੰਜਾਬ ਦੇ ਪਾਣੀਆਂ ਵਿੱਚ ਰਾਜਸਥਾਨ ਦੀ ਹਿੱਸੇਦਾਰੀ ਦਖਾਈ। ਇਸ ਤਰ੍ਹਾਂ ਸੰਨ 1955 ਵਿੱਚ ਕੇਂਦਰ ਦੀ ਕਾਂਗਰਸੀ ਹਕੂਮਤ ਨੇ ਗੈਰ-ਵਾਜ਼ਬ ਢੰਗ ਨਾਲ਼ ਰਾਜਸਥਾਨ ਨੂੰ ਪੰਜਾਬ ਦੇ ਪਾਣੀਆਂ ਦਾ ਹਿੱਸੇਦਾਰ ਬਣਾ ਲਿਆ। ਅਸਲ ਵਿੱਚ ਉਸ ਸਮੇਂ ਲਹਿੰਦੇ ਪੰਜਾਬ ਨਾਲ਼ ਧੱਕਾ ਕੀਤਾ ਗਿਆ ਸੀ। ਸੰਨ 1960 ਵਿੱਚ ਸਿੰਧ ਜਲ ਸੰਧੀ ਹੋਂਦ ਵਿੱਚ ਆਈ ਜਿਸ ਤਹਿਤ ਸਿੰਧ, ਜੇਹਲਮ ਅਤੇ ਝਨਾਬ ਦੇ ਪਾਣੀਆਂ ਦੀ ਮਾਲਕੀ ਪਾਕਿਸਤਾਨ ਨੂੰ ਮਿਲ਼ੀ; ਅਤੇ ਸਤਲੁਜ, ਰਾਵੀ ਅਤੇ ਬਿਆਸ ਦੀ ਮਾਲਕੀ ਭਾਰਤ ਨੂੰ। ਖੈਰ, ਸੰਨ 1961 ਵਿੱਚ ਜਦ ਅਜੇ ਹਰਿਆਣਾ ਪੰਜਾਬ ਦਾ ਹਿੱਸਾ ਹੀ ਸੀ, ਹਰਿਆਣੇ ਨੂੰ 19 ਲੱਖ ਏਕੜ ਫੁੱਟ ਪਾਣੀ ਦੇ ਦਿੱਤਾ। ਸੰਨ 1966 ਵਿੱਚ ਪੰਜਾਬ ਦੇ ਪੁਨਰ ਗਠਨ ਕਨੂੰਨ ਮੁਤਾਬਿਕ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੋ ਨਵੇਂ ਸੂਬੇ ਹੋਂਦ ਵਿੱਚ ਆਏ। ਸੰਨ 1967 ਵਿੱਚ ਹਰਿਆਣਾ ਨੇ ਉਸ ਸਮੇਂ ਪੰਜਾਬ ਨੂੰ ਮਿਲ਼ ਰਹੇ 51 ਲੱਖ ਏਕੜ ਫੁੱਟ ਪਾਣੀ ਵਿੱਚੋਂ ਹੋਰ 29 ਲੱਖ ਏਕੜ ਫੁੱਟ ਪਾਣੀ ਦੀ ਮੰਗ ਕੀਤੀ। ਇਸ ਤਰ੍ਹਾਂ ਉਸਨੇ ਕੁੱਲ 48 ਲੱਖ ਏਕੜ ਫੁੱਟ ਪਾਣੀ ਉੱਤੇ ਦਾਅਵਾ ਕੀਤਾ। ਪੰਜਾਬ ਪੁਨਰ ਗਠਨ ਕਨੂੰਨ ਦੀਆਂ ਧਾਰਾਵਾਂ 78, 79 ਅਤੇ 80 ਮੁਤਾਬਿਕ ਪੰਜਾਬ ਦੇ ਦਰਿਆਵਾਂ, ਇਹਨਾਂ ਉੱਤੇ ਚਲਦੇ ਪ੍ਰੋਜੈਕਟਾਂ ਅਤੇ ਡੈਮਾਂ ਦਾ ਕੰਟਰੋਲ ਕੇਂਦਰ ਨੇ ਪੂਰੀ ਤਰ੍ਹਾਂ ਗੈਰਵਾਜਿਬ ਢੰਗ ਨਾਲ਼ ਆਪਣੇ ਹੱਥ ਵਿੱਚ ਲੈ ਲਿਆ। ਇਸ ਤਰ੍ਹਾਂ ਨਾ ਸਿਰਫ ਪਾਣੀ ਸਗੋਂ ਬਿਜਲੀ ਦਾ ਹੱਕ ਵੀ ਪੰਜਾਬ ਤੋਂ ਖੋਹ ਲਿਆ ਗਿਆ। ਪਰ ਹਰਿਆਣੇ ਦੀ ਯਮੁਨਾ ਨਦੀ ਉੱਤੇ ਬਣੇ ਤਾਜੇਵਾਲਾ ਅਤੇ ਓਖਲਾ ਡੈਮਾਂ ਤੇ ਪ੍ਰੋਜੈਕਟਾਂ ਦਾ ਕੰਟਰੋਲ ਹਰਿਆਣਾ ਕੋਲ ਹੀ ਰਹਿਣ ਦਿੱਤਾ। ਅਸਲ ਵਿੱਚ ਭਾਰਤੀ ਸੰਵਿਧਾਨ ਮੁਤਾਬਿਕ ਵੀ ਇਹਨਾਂ ਦਰਿਆਵਾਂ ਦੇ ਸਾਰੇ ਕੰਟਰੋਲ ਦਾ ਹੱਕ ਸੂਬਿਆਂ ਦਾ ਹੈ। ਇਸ ਤਰ੍ਹਾਂ ਹਰਿਆਣੇ ਨੂੰ ਯਮੁਨਾ ਨਦੀ ਦਾ ਕੰਟਰੋਲ ਮਿਲ਼ਣਾ ਗਲਤ ਨਹੀਂ ਸੀ। ਪਰ ਇਸੇ ਤਰਜ਼ ਉੱਤੇ ਪੰਜਾਬ ਨੂੰ ਇਹ ਹੱਕ ਨਹੀਂ ਦਿੱਤਾ ਗਿਆ ਜੋ ਸਪੱਸ਼ਟ ਰੂਪ ਵਿੱਚ ਪੰਜਾਬ ਨਾਲ਼ ਬੇਇਨਸਾਫੀ ਸੀ/ਹੈ। ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੰਜਾਬ ਪੁਨਰਗਠਨ ਐਕਟ ਤਹਿਤ ਉਸਨੂੰ ਹੋਰ ਪਾਣੀ ਦੇਣ ਲਈ ਹੁਕਮ ਜਾਰੀ ਕਰਨ ਦੀ ਮੰਗ ਕੀਤੀ। ਐਮਰਜੰਸੀ ਦੌਰਾਨ 24 ਮਾਰਚ 1976 ਨੂੰ ਇੰਦਰਾ ਗਾਂਧੀ ਸਰਕਾਰ ਨੇ ਹਰਿਆਣੇ ਨੂੰ ਕੁੱਲ 35 ਲੱਖ ਏਕੜ ਫੁੱਟ ਪਾਣੀ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਉਸ ਸਮੇਂ ਪੰਜਾਬ ਨੂੰ ਮਿਲ਼ ਰਿਹਾ 51 ਲੱਖ ਏਕੜ ਫੁੱਟ ਪਾਣੀ ਵਰਤਿਆ ਜਾ ਰਿਹਾ ਸੀ। ਪੰਜਾਬ ਕੋਲ ਬਿਲਕੁਲ ਵੀ ਵਾਧੂ ਪਾਣੀ ਨਹੀਂ ਸੀ। ਸਗੋਂ ਉਸਦਾ ਪਾਣੀ ਤਾਂ ਲੁੱਟਿਆ ਜਾ ਰਿਹਾ ਸੀ। ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਦੇ ਹੁਕਮ ਵਿੱਚ ਪੰਜਾਬ ਨੂੰ ਕਿਹਾ ਗਿਆ ਕਿ ਹਰਿਆਣੇ ਨੂੰ ਹਰ ਹਾਲਤ ਵਿੱਚ 35 ਲੱਖ ਏਕੜ ਫੁੱਟ ਪਾਣੀ ਦੇਣਾ ਹੀ ਪਵੇਗਾ। ਜੇਕਰ ਕੁਦਰਤੀ ਕਾਰਨਾਂ ਕਰਕੇ ਪਾਣੀ ਘੱਟ ਵੀ ਜਾਂਦਾ ਹੈ ਤਾਂ ਇਸਦਾ ਭਾਰ ਪੰਜਾਬ ਨੂੰ ਹੀ ਝੱਲਣਾ ਪਵੇਗਾ। ਇਸ ਵਾਸਤੇ ਪੰਜਾਬ ਨੂੰ ਕਿਹਾ ਗਿਆ ਕਿ ਉਹ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰੇ। ਹਰਿਆਣਾ ਨੇ ਆਪਣੇ ਖੇਤਰ ਅੰਦਰ ਇਸ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ।

ਜਦ ਕੇਂਦਰ ਸਰਕਾਰ ਨੇ ਇਹ ਹੁਕਮ ਜ਼ਾਰੀ ਕੀਤਾ ਉਸ ਸਮੇਂ ਪੰਜਾਬ ਵਿੱਚ ਕਾਂਗਰਸ ਸਰਕਾਰ ਸੀ ਤੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਸੀ। ਜੂਨ 1977 ਵਿੱਚ ਅਕਾਲੀ ਦਲ ਦੀ ਸਰਕਾਰ ਬਣੀ। ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣਿਆ। ਉਸਨੇ ਸਤਲੁਜ ਯਮੁਨਾ ਲਿੰਕ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕਰਵਾਇਆ। ਅਕਾਲੀ ਸਰਕਾਰ ਨੇ 20 ਫਰਵਰੀ 1978 ਨੂੰ ਦਫਾ 17 ਤਹਿਤ ਜ਼ਮੀਨ ਜਬਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਧਾਰਾ ਤਹਿਤ ਨੋਟੀਫਿਕੇਸ਼ਨ ਉਦੋਂ ਜਾਰੀ ਹੁੰਦਾ ਹੈ ਜਦੋਂ ਹੰਗਾਮੀ ਹਾਲਤ ਵਿੱਚ ਸਰਕਾਰ ਨੂੰ ਜ਼ਮੀਨ ਦੀ ਲੋੜ ਹੋਵੇ। 04 ਜੁਲਾਈ 1978 ਨੂੰ ਚਿੱਠੀ ਜਾਰੀ ਕਰਕੇ ਹਰਿਆਣਾ ਸਰਕਾਰ ਤੋਂ 3 ਕਰੋੜ ਰੁਪਏ ਦੀ ਮੰਗ ਵੀ ਕਰ ਦਿੱਤੀ। ਇਸ ਤੋਂ ਪਤਾ



ਲੱਗਦਾ ਹੈ ਕਿ ਜੋ ਸ਼੍ਰੋਮਣੀ ਅਕਾਲੀ ਦਲ (ਬਾਦਲ) ਪਾਣੀਆਂ ਦੇ ਰਾਖੇ ਵਜੋਂ ਖੁਦ ਨੂੰ ਪੇਸ਼ ਕਰਦਾ ਹੈ ਉਹ ਉਸ ਸਮੇਂ ਪਾਣੀ ਲੁਟਾਉਣ ਲਈ ਕਿੰਨਾ ਕਾਹਲਾ ਸੀ। ਇਸਦੀਆਂ ਪਾਣੀਆਂ ਦੀ ਰਾਖੀ ਦੀਆਂ ਸਭ ਗੱਲਾਂ ਚੁਣਾਵੀ ਸਟੰਟ ਤੋਂ ਸਿਵਾ ਹੋਰ ਕੁੱਝ ਨਹੀਂ ਹਨ।

ਪੰਜਾਬ ਅੰਦਰ ਇਸ ਫੈਸਲੇ ਦਾ ਵਿਰੋਧ ਹੋਣਾ ਸੁਭਾਵਿਕ ਸੀ। ਸੋ ਇਸਦਾ ਤਕੜਾ ਵਿਰੋਧ ਹੋਇਆ। ਅਕਾਲੀ ਸਰਕਾਰ ਨੇ ਦਬਾਅ ਹੇਠ ਸੁਪਰੀਮ ਕੋਰਟ ਵਿੱਚ ਇਸ ਸਮਝੌਤੇ ਖਿਲਾਫ ਕੇਸ ਦਾਇਰ ਕੀਤਾ। ਇੰਦਰਾ ਗਾਂਧੀ ਨੇ 31 ਦਸੰਬਰ 1981 ਨੂੰ ਤਿੰਨੋਂ ਸੂਬਿਆਂ ਦੇ ਕਾਂਗਰਸੀ ਮੁੱਖ ਮੰਤਰੀਆਂ ਦਰਬਾਰਾ ਸਿੰਘ (ਪੰਜਾਬ), ਭਜਨ ਲਾਲ (ਹਰਿਆਣਾ), ਸ਼ਿਵ ਚਰਨ ਮਾਥੁਰ (ਰਾਜਸਥਾਨ) ਨੂੰ ਸੱਦ ਕੇ ਸਮਝੌਤਾ ਕਰਵਾਇਆ ਗਿਆ। ਦਰਬਾਰਾ ਸਿੰਘ ਉੱਤੇ ਸਮਝੌਤੇ ਉੱਤੇ ਹਸਤਾਖਰ ਕਰਨ ਲਈ ਦਬਾਅ ਪਾਇਆ ਗਿਆ। ਇਸ ਨਾਲ਼ 24 ਮਾਰਚ 1976 ਵਾਲ਼ਾ ਹੁਕਮ ਸਮਝੌਤੇ ਵਿੱਚ ਬਦਲ ਦਿੱਤਾ ਗਿਆ। ਇਸ ਸਮਝੌਤੇ ਤਹਿਤ ਰਾਵੀ-ਬਿਆਸ-ਸਤਲੁਜ ਦੇ ਪਾਣੀਆਂ ਦੀ ਮਾਤਰਾ ਦੀ ਪੇਸ਼ਕਾਰੀ ਗੈਰ-ਵਾਜ਼ਬ ਢੰਗ ਨਾਲ਼ ਵਧਾ-ਚੜ੍ਹਾ ਕੇ 171.7 ਲੱਖ ਏਕੜ ਫੁੱਟ ਕੀਤੀ ਗਈ ਜੋ ਕਿ ਪਹਿਲਾਂ 158.5 ਮੰਨੀ ਜਾਂਦੀ ਸੀ। ਇਸ ਵਿੱਚੋਂ ਪੰਜਾਬ ਦਾ ਹਿੱਸਾ 42.2 ਲੱਖ ਏਕੜ ਫੁੱਟ ਕਿਹਾ ਗਿਆ ਅਤੇ ਰਾਜਸਥਾਨ ਦਾ 86 ਲੱਖ ਏਕੜ ਫੁੱਟ ਕਰ ਦਿੱਤਾ ਗਿਆ। ਹਰਿਆਣਾ ਦਾ 35 ਲੱਖ ਏਕੜ ਫੁੱਟ ਬਰਕਰਾਰ ਰੱਖਿਆ ਗਿਆ। ਉਸ ਸਮੇਂ ਕਿਹਾ ਗਿਆ ਸੀ ਕਿ ਹਰਿਆਣਾ ਨੂੰ ਹੋਰ ਕਿਸੇ ਪਾਸਿਓਂ ਪਾਣੀ ਮਿਲ਼ਣ ਦੀ ਗੁੰਜਾਇਸ਼ ਨਹੀਂ ਪਰ ਬਾਅਦ ਵਿੱਚ ਸੰਨ 1994 ਵਿੱਚ ਹਰਿਆਣਾ ਨੂੰ ਯਮੁਨਾ ਵਿੱਚੋਂ ਹੋਰ 46.5 ਲੱਖ ਏਕੜ ਪਾਣੀ ਮਿਲ਼ ਗਿਆ। ਪਰ ਇਸਦੇ ਬਾਵਜੂਦ ਇਸਦੀ ਪੰਜਾਬ ਦੇ ਪਾਣੀਆਂ ਵਿੱਚੋਂ ਤੈਅ ਕੀਤੀ ਹਿੱਸੇਦਾਰੀ ਨੂੰ ਖਤਮ ਨਹੀਂ ਕੀਤਾ ਗਿਆ। ਪੰਜਾਬ ਨੂੰ ਦੋ ਸਾਲਾਂ ਅੰਦਰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਪਾਬੰਦ ਕੀਤਾ ਗਿਆ। 12 ਫਰਵਰੀ 1982 ਨੂੰ ਦਰਬਾਰਾ ਸਿੰਘ ਤੋਂ ਇੰਦਰਾ ਗਾਂਧੀ ਨੇ ਸੁਪਰੀਮ ਕੋਰਟ ਤੋਂ ਕੇਸ ਵੀ ਵਾਪਿਸ ਕਰਵਾ ਦਿੱਤਾ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸੰਨ 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ ਜਿਸ ਵਿੱਚ ਕਿਹਾ ਗਿਆ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਓਨਾ ਪਾਣੀ ਮਿਲ਼ਦਾ ਰਹੇਗਾ ਜਿੰਨਾ ਉਹ ਪਹਿਲੀ ਜੁਲਾਈ 1985 ਨੂੰ ਲੈ ਰਹੇ ਸਨ। ਸਤਲੁਜ ਯਮੁਨਾ ਲਿੰਕ ਨਹਿਰ ਦੀ 15 ਅਗਸਤ 1986 ਤੱਕ ਪੂਰੀ ਕਰਨ ਦਾ ਫੈਸਲਾ ਕੀਤਾ ਗਿਆ।ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਦਰਿਆਈ ਪਾਣੀਆਂ ਦੇ ਮਸਲੇ ਦਾ “ਹੱਲ” ਕਰਨ ਲਈ ਇੱਕ ਜੱਜ ਬਾਲਾ ਕ੍ਰਿਸ਼ਨ ਇਰਾਦੀ ਦੀ ਅਗਵਾਈ ਵਿੱਚ ਟ੍ਰਿਬਿਊਨਲ ਬਣਾਇਆ ਗਿਆ। 2 ਅਪ੍ਰੈਲ 1986 ਨੂੰ ਬਣੇ ਇਸ ਟ੍ਰਿਬਿਊਨਲ ਨੇ ਪੰਜਾਬ ਨਾਲ਼ ਹੋਰ ਅਨਿਆਂ ਕਰਦੇ ਹੋਏ ਕੁੱਲ ਪਾਣੀ ਵਿੱਚ 11.1 ਲੱਖ ਏਕੜ ਫੁੱਟ ਪਾਣੀ ਬਰਸਾਤੀ ਨਾਲਿਆਂ ਦਾ ਵੀ ਜੋੜ ਦਿੱਤਾ ਅਤੇ ਇਸ ਅਧਾਰ ਉੱਤੇ ਪਾਣੀਆਂ ਦੀ ਨਵੀਂ ਵੰਡ ਕਰ ਦਿੱਤੀ। ਇਸ ਅਨੁਸਾਰ ਪੰਜਾਬ ਨੂੰ 50 ਲੱਖ ਏਕੜ ਫੁੱਟ ਅਤੇ ਹਰਿਆਣਾ ਨੂੰ 38.08 ਲੱਖ ਏਕੜ ਫੁੱਟ ਪਾਣੀ ਵੰਡ ਦਿੱਤਾ। ਇਸ ਤਰ੍ਹਾਂ ਪੰਜਾਬ ਦੇ ਪਾਣੀਆਂ ਵਿੱਚ ਹਰਿਆਣੇ ਦੀ ਹਿੱਸੇਦਾਰੀ ਹੋਰ ਵਧਾ ਦਿੱਤੀ ਗਈ। ਇਸ ਤਰ੍ਹਾਂ ਇਸ ਟ੍ਰਿਬਿਊਨਲ ਰਾਹੀਂ ਭਾਰਤੀ ਹਕੂਮਤ ਨੇ ਪੰਜਾਬ ਦੇ ਲੋਕਾਂ ਉੱਪਰ ਹੋਰ ਵੱਡੀ ਬੇਇਨਸਾਫੀ ਥੋਪ ਦਿੱਤੀ।

ਸੰਨ 1990 ਵਿੱਚ ਖਾਲਿਸਤਾਨੀ ਦਹਿਸ਼ਤਗਰਦਾਂ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰ ਰਹੇ ਮੁੱਖ ਇੰਜੀਨੀਅਰ, ਸਹਾਇਕ ਇੰਜੀਨੀਅਰ ਅਤੇ ਕਈ ਮਜ਼ਦੂਰਾਂ ਦਾ ਕਤਲ ਕਰ ਦਿੱਤਾ ਗਿਆ। ਇਸਤੋਂ ਬਾਅਦ ਇਸ ਨਹਿਰ ਦੀ ਉਸਾਰੀ ਦਾ ਕੰਮ ਰੁਕ ਗਿਆ।

ਸੰਨ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪਾਣੀਆਂ ਸਬੰਧੀ ਸਾਰੇ ਸਮਝੌਤੇ ਰੱਦ ਕਰਨ ਵਾਲ਼ਾ ਕਨੂੰਨ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ। ਇਹ ਕਨੂੰਨ ਅਜੇ ਤੱਕ ਰਾਸ਼ਟਰਪਤੀ ਕੋਲ਼ ਮਨਜੂਰੀ ਲਈ ਪਿਆ ਹੈ। ਪਰ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਦਾ ਇਹ ਵੀ ਇੱਕ ਚੁਣਾਵੀ ਸਟੰਟ ਹੀ ਸੀ। ਇਹ ਪਾਣੀਆਂ ਦੇ ਮਸਲੇ ਉੱਤੇ ਵੋਟ ਸਿਆਸਤ ਵਿੱਚ ਅਕਾਲੀ ਦਲ ਤੋਂ ਅੱਗੇ ਨਿੱਕਲਣ ਦੀ ਹੀ ਚਾਲ ਸੀ। ਅਮਰਿੰਦਰ ਸਰਕਾਰ ਨੂੰ ਵੀ ਪਤਾ ਸੀ ਕਿ ਇਹ ਕਨੂੰਨ ਰਾਸ਼ਟਰਪਤੀ ਨੇ ਮਨਜ਼ੂਰ ਨਹੀਂ ਕਰਨਾ। ਨਾਲ਼ੇ, ਪੰਜਾਬ ਦੇ ਲੋਕਾਂ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਕੈਪਟਨ ਅਮਰਿੰਦਰ ਸਿੰਘ ਉਹੀ ਹੈ ਜੋ ਐਸ.ਵਾਈ.ਐਲ. ਨਹਿਰ ਦੇ ਉਦਘਾਟਨ ਵੇਲ਼ੇ ਇੰਦਰਾ ਗਾਂਧੀ ਦੇ ਨਾਲ਼ ਖੜ੍ਹਾ ਸੀ ਅਤੇ ਪਹਿਲੇ ਟੱਕ ਲਈ ਇੰਦਰਾ ਗਾਂਧੀ ਨੂੰ ਕਹੀ ਉਸੇ ਨੇ ਫੜਾਈ ਸੀ।

ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲਾਹਾ ਖੱਟਣ ਲਈ, ਆਪਣਾ ਖੁੱਸਿਆ ਅਧਾਰ ਹਾਸਿਲ ਕਰਨ ਲਈ ਸੰਨ 2016 ਵਿੱਚ ਅਕਾਲੀ ਦਲ ਨੇ ਪਾਣੀਆਂ ਦੇ ਮਸਲੇ ਉੱਤੇ ਵੋਟ ਸਿਆਸਤ ਤੇਜ ਕਰ ਦਿੱਤੀ ਸੀ। ਨਵੰਬਰ 20 16 ਵਿੱਚ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਗਿਆ ਕਿ ਰਿਪੇਰੀਅਨ ਸਿਧਾਂਤ ਮੁਤਾਬਿਕ ਪੰਜਾਬ ਦੇ ਪਾਣੀਆਂ ਉੱਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੇ ਪਾਣੀ ਦੇ ਬਿੱਲ ਵਸੂਲੇ ਜਾਣਗੇ। ਐਸ.ਵਾਈ.ਐਲ. ਨਹਿਰ ਲਈ ਜ਼ਬਤ ਕੀਤੀਆਂ ਜ਼ਮੀਨਾਂ ਵਾਪਿਸ ਕਰ ਦਿੱਤੀਆਂ ਗਈਆਂ ਅਤੇ ਪੱਟੀ ਨਹਿਰ ਪੂਰ ਦਿੱਤੀ ਗਈ। ਪਰ ਚੋਣਾਂ ਵਿੱਚ ਫੇਰ ਵੀ ਅਕਾਲੀ ਦਲ ਦੀ ਹਾਰ ਹੋਈ ਅਤੇ ਪੰਜਾਬ ਵਿੱਚ ਕਾਂਗਰਸੀ ਸਰਕਾਰ ਬਣੀ।

ਹੁਣ ਹਰਿਆਣੇ ਦੀ ਹਿੰਦੂਤਵੀ ਕੱਟੜਪੰਥੀ ਖੱਟੜ ਸਰਕਾਰ ਇਸ ਸਮੇਂ ਜ਼ੋਰ-ਸ਼ੋਰ ਨਾਲ਼ ਕਾਲਪਨਿਕ ਸਰਸਵਤੀ ਨਦੀ ਦੀ ਖੁਦਾਈ ਕਰਵਾ ਰਹੀ ਹੈ ਜਿਸ ਵਿੱਚ ਪੰਜਾਬ ਦੇ ਬਾਹਰੋਂ ਬਾਹਰ ਹਿਮਾਚਲ ਪ੍ਰਦੇਸ਼ ਵਿੱਚ ਹੀ ਸਤਲੁਜ ਦਾ ਪਾਣੀ ਛੱਡਣ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ ਹੋਰ ਤਿੱਖੀ ਕਰਨ ਲਈ ਇਸ ਮਾਮਲੇ ਨੂੰ ਧਾਰਮਿਕ ਰੰਗਤ ਦਿੱਤੀ ਜਾ ਰਹੀ ਹੈ।

ਇਸ ਤਰ੍ਹਾਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਲਈ ਕੇਂਦਰ, ਹਰਿਆਣਾ, ਰਾਜਸਥਾਨ ਦੀਆਂ ਸਰਕਾਰਾਂ ਨਾਲ਼ ਪੰਜਾਬ ਦੀਆਂ ਵੱਖ-ਵੱਖ ਕਾਂਗਰਸੀ ਅਤੇ ਅਕਾਲੀ ਸਰਕਾਰਾਂ ਦਾ ਗਠਜੋੜ ਜ਼ਿੰਮੇਵਾਰ ਰਿਹਾ ਹੈ। ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਦਰਿਆਵਾਂ ਦੇ ਪਾਣੀਆਂ ਦੀ ਰਾਖੀ ਦਾ ਢੋਂਗ ਕਰਦੀਆਂ ਰਹੀਆਂ ਹਨ ਪਰ ਇਹਨਾਂ ਦਾ ਪੰਜਾਬ ਦੇ ਲੋਕਾਂ ਨਾਲ਼ ਕਮਾਇਆ ਧ੍ਰੋਹ ਜੱਗਜਾਹਿਰ ਹੈ। ਹਰਿਆਣਾ, ਰਾਜਸਥਾਨ ਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਦੀ ਪੂਰਤੀ ਦਾ ਸਹੀ ਹੱਲ ਕਰਨ ਵਿੱਚ ਨਾਕਾਮ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਪੰਜਾਬ ਦੇ ਪਾਣੀਆਂ ਵਿੱਚ ਗੈਰ-ਵਾਜਿਬ ਹਿੱਸੇਦਾਰੀ ਨੂੰ ਨਿਆਂਈ ਹਿੱਸੇਦਾਰੀ ਦੱਸਦੇ ਹੋਏ ਇਹਨਾਂ ਸੂਬਿਆਂ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਰਿਹਾ ਹੈ, ਜਲ ਸੰਕਟ ਦਾ ਵਿਗਿਆਨਕ ਹੱਲ ਕਰਨ, ਪਾਣੀ ਦੀ ਵਰਤੋਂ ਅਤੇ ਸਾਂਭ ਸੰਭਾਲ ਸਬੰਧੀ ਲੋੜੀਂਦੇ ਪ੍ਰਬੰਧ ਕਰਨ ਦੇ ਮਸਲੇ ਤੋਂ ਲੋਕਾਂ ਦਾ ਧਿਆਨ ਭਟਕਾਇਆ ਜਾਂਦਾ ਰਿਹਾ ਹੈ, ਪੰਜਾਬ ਦੇ ਲੋਕਾਂ ਖਿਲਾਫ ਭੜਕਾਇਆ ਜਾਂਦਾ ਰਿਹਾ ਹੈ, ਪਾਣੀਆਂ ਦੇ ਮਸਲੇ ’ਤੇ ਖੇਤਰਵਾਦੀ ਵੋਟ ਸਿਆਸਤ ਰਾਹੀਂ ਵੋਟ ਬੈਂਕ ਮਜ਼ਬੂਤ ਕੀਤਾ ਜਾਂਦਾ ਰਿਹਾ ਹੈ। ਸਰਮਾਏਦਾਰਾ ਹਾਕਮਾਂ ਦੀ ਇਸ ਖੇਡ ਵਿੱਚ ਪੰਜਾਬ ਦੇ ਲੋਕਾਂ ਨੂੰ ਨਾ ਸਿਰਫ ਆਰਥਿਕ ਨੁਕਸਾਨ ਝੱਲਣਾ ਪਿਆ ਹੈ ਸਗੋਂ ਖਾਲਿਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਦਾ ਵੱਡੇ ਪੱਧਰ ਉੱਤੇ ਸੰਤਾਪ ਵੀ ਝੱਲਣਾ ਪਿਆ ਹੈ। ਪੰਜਾਬ ਦੇ ਲੋਕਾਂ ਨੂੰ ਆਪਣੀ ਵਰਤੋਂ ਲਈ ਤਾਂ ਦਰਿਆਵਾਂ ਦੇ ਪਾਣੀਆਂ ਤੇ ਪ੍ਰੋਜੈਕਟਾਂ ਉੱਤੇ ਹੱਕ ਨਹੀਂ ਹੈ ਪਰ ਇਹਨਾਂ ਦੇ ਹੜ੍ਹਾਂ ਵਿੱਚ ਜਾਨ-ਮਾਲ ਦਾ ਨੁਕਸਾਨ ਪੰਜਾਬ ਦੇ ਲੋਕ ਹੀ ਝੱਲਦੇ ਹਨ। ਹੜ੍ਹਾਂ ਵੇਲੇ ਕੇਂਦਰ, ਹਰਿਆਣਾ, ਰਾਜਸਥਾਨ, ਦਿੱਲੀ ਦੀਆਂ ਸਰਕਾਰਾਂ ਨੇ ਤਾਂ ਪੰਜਾਬ ਦੇ ਲੋਕਾਂ ਦੀ ਬਾਂਹ ਫੜ੍ਹਨੀ ਹੀ ਕੀ ਹੈ ਪੰਜਾਬ ਦੀਆਂ ਲੋਟੂ ਸਰਮਾਏਦਾਰਾ ਸਰਕਾਰਾਂ ਵੀ ਰਾਹਤ ਦੇ ਨਾਂ ਉੱਤੇ ਕੋਝਾ ਮਜ਼ਾਕ ਹੀ ਕਰਦੀਆਂ ਰਹੀਆਂ ਹਨ।

ਭਾਂਵੇ ਕਿ ਦਰਿਆਈ ਪਾਣੀਆਂ ਦੇ ਮਸਲੇ ਨੂੰ ਹਾਕਮ ਜਮਾਤਾਂ ਆਪਣੇ ਸੌੜੇ ਸਿਆਸੀ-ਸਮਾਜਿਕ-ਆਰਥਿਕ ਹਿੱਤਾਂ ਲਈ ਵਰਤਦੀਆਂ ਰਹੀਆਂ ਹਨ ਅਤੇ ਫਿਰਕੂ ਤਾਕਤਾਂ ਵੱਲੋਂ ਵੀ ਇਸ ਮਸਲੇ ਦਾ ਵੱਡੇ ਪੱਧਰ ਉੱਤੇ ਫਾਇਦਾ ਉਠਾਇਆ ਜਾਂਦਾ ਰਿਹਾ ਹੈ ਪਰ ਇਸਦਾ ਇਹ ਅਰਥ ਹਰਗਿਜ ਨਹੀਂ ਨਿੱਕਲਦਾ ਕਿ ਇਨਕਲਾਬੀ-ਜਮਹੂਰੀ ਧਿਰਾਂ ਇਸ ਮਸਲੇ ਨੂੰ ਦੋਮ ਦਰਜੇ ਦਾ ਮਸਲਾ ਗਰਦਾਨਕੇ ਛੱਡ ਦੇਣ। ਇਹ ਮਸਲਾ ਨਾ ਸਿਰਫ ਸਮੁੱਚੀ ਪੰਜਾਬੀ ਕੌਮੀਅਤ ਨਾਲ਼ ਧੱਕੇ ਤੇ ਲੁੱਟ ਦਾ ਮਸਲਾ ਹੈ, ਸਗੋਂ ਇੱਥੋਂ ਦੀ ਕਿਰਤੀ ਅਬਾਦੀ ਦੀ ਲੁੱਟ ਦਾ ਵੀ ਮਸਲਾ ਹੈ। ਇਹ ਮਸਲਾ ਪੰਜਾਬ ਵਿੱਚ ਪਾਣੀ ਦੇ ਸੰਕਟ ਦੇ ਪੈਦਾ ਹੋਣ ਅਤੇ ਇਸ ਸੰਕਟ ਦੇ ਹੱਲ ਨਾਲ਼ ਅਹਿਮ ਰੂਪ ਵਿੱਚ ਜੁੜਿਆ ਹੋਇਆ ਹੈ। ਸਰਮਾਏਦਾਰਾ ਲੋਟੂ ਹਾਕਮ ਇਸ ਮਸਲੇ ਨੂੰ ਉਲਝਾ ਕੇ ਰੱਖਣ ਵਿੱਚ ਆਪਣਾ ਹਿੱਤ ਸਮਝਦੇ ਹਨ। ਇਨਕਲਾਬੀਆਂ ਨੂੰ ਇਸ ਮਸਲੇ ਦੇ ਜਮਹੂਰੀ-ਨਿਆਈਂ ਹੱਲ ਲਈ ਨਾ ਸਿਰਫ ਲੋਕਾਂ ਦੀ ਅਗਵਾਈ ਕਰਨੀ ਚਾਹੀਦੀ ਹੈ ਸਗੋਂ ਇਹ ਅਗਵਾਈ ਕਰਨੀ ਹੀ ਪਵੇਗੀ। ਨਹੀਂ ਤਾਂ, ਲੋਕ ਦੋਖੀ ਤਾਕਤਾਂ ਇਸ ਮਸਲੇ ਉੱਤੇ ਲੋਕਾਂ ਨੂੰ ਉਲਝਾਈ ਰੱਖਣਗੀਆਂ।

ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਦਾ ਵਿਰੋਧ ਕਰਦੇ ਹੋਏ ਮੰਗ ਕਰਨੀ ਚਾਹੀਦੀ ਹੈ ਕਿ ਰਿਪੇਰੀਅਨ ਸਿਧਾਂਤ ਮੁਤਾਬਿਕ ਸਤਲੁਜ, ਰਾਵੀ ਅਤੇ ਬਿਆਸ ਦਰਿਆਵਾਂ ਦਾ ਮਾਲਕੀ ਹੱਕ ਪੰਜਾਬ ਨੂੰ ਦਿੱਤਾ ਜਾਵੇ। ਭਾਰਤ ਵਿੱਚ ਹੁਣ ਤੱਕ ਇਹਨਾਂ ਦਰਿਆਵਾਂ ਦੇ ਪਾਣੀਆਂ ਸਬੰਧੀ ਹੋਏ ਸਾਰੇ ਸਮਝੌਤੇ-ਫੈਸਲੇ ਰੱਦ ਕੀਤੇ ਜਾਣ। ਇਸਦਾ ਅਰਥ ਹੈ ਇਸਦੇ ਪਾਣੀਆਂ ਦੀ ਸੂਬੇ ਅੰਦਰ ਵਰਤੋਂ, ਵਾਧੂ ਹੋਣ ਦੀ ਸੂਰਤ ਵਿੱਚ ਵੇਚਣ ਜਾਂ ਮੁਫਤ ਦੇਣ, ਡੈਮਾਂ ਦਾ ਸੰਚਾਲਨ, ਬਿਜਲੀ ਦੀ ਪੈਦਾਵਾਰ-ਵਰਤੋਂ-ਵੇਚਣ ਆਦਿ ਸਭ ਦਾ ਹੱਕ ਪੰਜਾਬ ਨੂੰ ਦਿੱਤਾ ਜਾਵੇ। ਇਹ ਮੰਗਾਂ ਉਠਾਉਂਦੇ ਹੋਏ ਸਾਨੂੰ ਸਰਮਾਏਦਾਰਾ ਲੋਟੂ ਹਾਕਮਾਂ ਦੀਆਂ ਵੱਖ-ਵੱਖ ਸੂਬਿਆਂ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਸਾਜਿਸ਼ਾਂ ਤੋਂ ਜਾਣੂ ਕਰਾਉਣਾ ਪਵੇਗਾ। ਪੰਜਾਬ ਦੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਲੋਕਾਂ ਨਾਲ਼ ਕਮਾਏ ਧ੍ਰੋਹ ਦਾ ਪਰਦਾਫਾਸ਼ ਕਰਨਾ ਹੋਵੇਗਾ। ਪਾਣੀਆਂ ਦੇ ਮਸਲੇ ਨੂੰ “ਸਿੱਖ ਕੌਮ” ਨਾਲ਼ ਜੋੜ ਕੇ ਲੋਕਾਂ ਨੂੰ ਵੰਡਣ ਦੀ ਖਾਲਿਸਤਾਨੀ ਸਿਆਸਤ ਤੋਂ ਵੀ ਲੋਕਾਂ ਨੂੰ ਸੁਚੇਤ ਕਰਨਾ ਪਵੇਗਾ। ਪੰਜਾਬੀ ਕੌਮੀਅਤ ਵਿੱਚ ਸਿਰਫ ਸਿੱਖ ਨਹੀਂ ਹਨ ਸਗੋਂ ਸਭਨਾਂ ਧਰਮਾਂ ਦੇ ਲੋਕ ਸ਼ਾਮਿਲ ਹਨ। ਇਸਤੋਂ ਵੀ ਅੱਗੇ ਇਹ ਮਸਲਾ ਪੰਜਾਬ ਵਿੱਚ ਹੋਰ ਸੂਬਿਆਂ ਤੋਂ ਆ ਕੇ ਵਸੇ ਅਤੇ ਰਹਿ ਰਹੇ ਲੋਕਾਂ ਦਾ ਵੀ ਵੱਡਾ ਮਸਲਾ ਬਣਦਾ ਹੈ। ਇਸ ਮਸਲੇ ਨੂੰ ਇੱਕ ਧਰਮ ਨਾਲ਼ ਜੋੜਨਾ ਅਸਲ ਵਿੱਚ ਪਾਣੀਆਂ ਦੀ ਲੁੱਟ ਖਿਲਾਫ਼ ਲੋੜੀਂਦੇ ਲੋਕ ਘੋਲ਼ ਨੂੰ ਕਮਜ਼ੋਰ ਹੀ ਕਰਦਾ ਹੈ ਅਤੇ ਸਰਮਾਏਦਾਰਾ ਹਾਕਮਾਂ ਦੇ ਹਿੱਤਾਂ ਦੀ ਸੇਵਾ ਕਰਦਾ ਹੈ। ਇਸ ਤਰ੍ਹਾਂ ਪੰਜਾਬ ਦੇ ਪਾਣੀਆਂ ਦੀ ਲੁੱਟ ਲਈ ਖੇਡੀ ਜਾ ਰਹੀ ਹਿੰਦੂਤਵੀ ਕੱਟੜਪੰਥੀ ਕੋਝੀ ਸਿਆਸਤ ਦਾ ਵੀ ਭਾਂਡਾ ਭੰਨਣਾ ਪਵੇਗਾ। ਦਰਿਆਈ ਪਾਣੀਆਂ ਦੀ ਲੁੱਟ ਦਾ ਵਿਰੋਧ ਕਰਦੇ ਹੋਏ ਇਹ ਵੀ ਮੰਗ ਕਰਨੀ ਪਵੇਗੀ ਕਿ ਸਰਕਾਰ ਪਾਣੀ ਦੀ ਵਿਗਿਆਨਕ ਵਰਤੋਂ ਅਤੇ ਸਾਂਭ-ਸੰਭਾਲ ਲਈ ਜਰੂਰੀ ਪ੍ਰਬੰਧ ਕਰੇ। ਇਸ ਵਾਸਤੇ ਅਮੀਰਾਂ ਉੱਤੇ ਵਿਸ਼ੇਸ਼ ਕਰ ਲਾਏ ਜਾਣ। ਇਸ ਦੌਰਾਨ ਹਰਿਆਣਾ, ਰਾਜਸਥਾਨ ਤੇ ਦਿੱਲੀ ਦੇ ਲੋਕਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਖੇਤਰੀ-ਫਿਰਕੂ-ਅੰਨ੍ਹੀ ਕੌਮਪ੍ਰਸਤ ਨਫ਼ਰਤ ਫੈਲਾਉਣ ਦਾ ਡੱਟ ਕੇ ਵਿਰੋਧ ਕਰਨਾ ਪਵੇਗਾ ਅਤੇ ਇਸ ਗੱਲ ਨੂੰ ਜ਼ੋਰ ਨਾਲ਼ ਉਭਾਰਨਾ ਪਵੇਗਾ ਕਿ ਪੰਜਾਬ ਦੇ ਲੋਕਾਂ ਦੀ ਲੜਾਈ ਇਹਨਾਂ ਸੂਬਿਆਂ ਦੇ ਆਮ ਲੋਕਾਂ ਨਾਲ਼ ਨਹੀਂ ਹੈ ਸਗੋਂ ਲੋਟੂ ਹਾਕਮਾਂ ਨਾਲ਼ ਹੈ ਜੋ ਉਹਨਾਂ ਦੇ ਵੀ ਦੁਸ਼ਮਣ ਹਨ। ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਇਹਨਾਂ ਸੂਬਿਆਂ ਦੇ ਲੋਕਾਂ ਵਿਚਕਾਰ ਉੱਥੇ ਜਲ ਸੰਕਟ ਦੇ ਅਸਲ ਕਾਰਨ, ਸਰਮਾਏਦਾਰਾ ਹਾਕਮਾਂ ਦੀਆਂ ਲੋਕ ਦੋਖੀ ਨੀਤੀਆਂ, ਜਲ ਸੰਕਟ ਦਾ ਹੱਲ ਕਰਨ ਲਈ ਲੋੜੀਂਦੇ ਕਦਮ ਨਾ ਚੁੱਕਣ, ਪੰਜਾਬ ਦੇ ਪਾਣੀਆਂ ਨੂੰ ਮਸਲਾ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਕੋਝੀਆਂ ਚਾਲਾਂ ਚੱਲਣ, ਇਸ ਮਸਲੇ ਨੂੰ ਅਧਾਰ ਬਣਾ ਕੇ ਹਿੰਦੂਤਵੀ ਫਿਰਕੂ ਸਿਆਸਤ, ਵੋਟ ਬੈਂਕ ਮਜਬੂਤ ਕਰਨ ਦੀ ਗੰਦੀ ਖੇਡ ਖੇਡਣ ਦਾ ਪਰਦਾਚਾਕ ਕਰਨਾ ਪਵੇਗਾ, ਲੋਕਾਂ ਨੂੰ ਜਲ ਸੰਕਟ ਦੇ ਜਮਹੂਰੀ, ਵਿਗਿਆਨਕ ਹੱਲ ਲਈ ਲਾਮਬੰਦ ਕਰਨਾ ਪਵੇਗਾ।

ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ - ਸਾਲ 8, ਅੰਕ 16, 1 ਅਕਤੂਬਰ 2019 ਵਿੱਚ ਪ੍ਰਕਾਸ਼ਿਤ

TOURIST VISA USA CANADA
SCHENGEN/ UK AUSTRALIA/ NZ
263 VISA
ਫਰਵਰੀ 2025 ਮਹੀਨੇ ਵਿੱਚ ਲੱਗੇ
easyvisa
8195 828282

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਐਤਵਾਰ, 04 ਮਈ 2025
Email:- lokbani08@gmail.com

ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

R. N. I. Punpun/29016/2008 * ਸਾਲ 16 , * ਅੰਕ : 292 * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਆਸਟਰੇਲੀਆ 'ਚ ਲੇਬਰ ਪਾਰਟੀ ਨੂੰ ਲੋਕ ਫਤਵਾ, ਦੂਜੀ ਵਾਰ ਬਣਾਏਗੀ ਸਰਕਾਰ


ਮੈਲਬਰਨ, ਲੋਕ ਬਾਣੀ- : ਆਸਟਰੇਲੀਆ 'ਚ ਲੇਬਰ ਪਾਰਟੀ ਨੇ ਆਮ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ ਹੈ, ਜਿਸ ਮਗਰੋਂ ਦੂਜੀ ਵਾਰ ਪਾਰਟੀ ਆਪਣੀ ਸਰਕਾਰ ਬਣਾਏਗੀ। ਪਾਰਟੀ ਦੇ ਮੁੱਖ ਵਿਰੋਧੀ ਲਿਬਰਲ ਗੱਠਜੋੜ ਨੂੰ ਵੱਡੇ ਫਤਵੇ ਨਾਲ ਹਰਾਉਣ ਮਗਰੋਂ ਐਂਥਨੀ ਐਲਬਨੀਜ਼ ਦੂਜੀ ਵਾਰ ਪ੍ਰਧਾਨ ਮੰਤਰੀ ਬਣਨਗੇ, ਜਦਕਿ ਲਿਬਰਲ ਗੱਠਜੋੜ ਦੀ ਅਗਵਾਈ ਕਰ ਰਹੇ ਸੱਜੇ ਪੱਖੀ ਆਗੂ ਪੀਟਰ ਡਟਨ ਆਪਣੀ ਸੀਟ



ਤੱਕ ਹਾਰ ਗਏ ਹਨ। ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਡਟਨ ਨੇ ਆਪਣੀ ਹਾਰ ਕਬੂਲ ਕਰ ਲਈ ਹੈ।

## ਭਾਰਤ ਨੇ ਪਾਕਿ ਨਾਲ ਸਾਰੇ ਜਹਾਜ਼ਰਾਨੀ ਤੇ ਡਾਕ ਰਿਸ਼ਤੇ ਵੀ ਤੋੜੇ

ਨਵੀਂ ਦਿੱਲੀ, ਲੋਕ ਬਾਣੀ- ਭਾਰਤ ਨੇ ਸ਼ਨਿੱਚਰਵਾਰ ਨੂੰ ਪਾਕਿਸਤਾਨ ਨਾਲ ਸਾਰੇ ਜਹਾਜ਼ਰਾਨੀ ਸੰਪਰਕ ਮੁਅੱਤਲ ਕਰ ਦਿੱਤੇ ਹਨ ਅਤੇ ਕਿਹਾ ਹੈ ਕਿ ਪਾਕਿਸਤਾਨ ਦੇ ਝੰਡੇ ਵਾਲੇ ਕਿਸੇ ਜਹਾਜ਼ ਨੂੰ ਕਿਸੇ ਵੀ ਭਾਰਤੀ ਬੰਦਰਗਾਹ 'ਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਕੋਈ ਵੀ ਭਾਰਤੀ ਝੰਡਾਬਰਦਾਰ ਜਹਾਜ਼ ਪਾਕਿਸਤਾਨ ਦੀ ਕਿਸੇ ਬੰਦਰਗਾਹ 'ਤੇ ਨਹੀਂ ਜਾਵੇਗਾ। ਇਸ ਸਬੰਧੀ ਇਕ ਹੁਕਮ ਡਾਇਰੈਕਟੋਰੇਟ ਜਨਰਲ ਆਫ਼



ਜਹਾਜ਼ਰਾਨੀ, ਮੁੰਬਈ ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ

## ਆਈਪੀਐੱਲ ਦੇ ਮੈਚਾਂ 'ਤੇ ਮੀਂਹ ਦਾ ਪ੍ਰਛਾਵਾ

ਸ਼ਿਮਲਾ ਲੋਕ ਬਾਣੀ ਇੱਥੋਂ ਦੇ ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਐਤਵਾਰ ਭਲਕੇ ਤੱਕ ਗੜੇ ਪੈਣ ਦਾ ਓਰੈਂਜ ਅਲਰਟ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਅੱਜ ਸੂਬੇ ਦੀਆਂ ਕਈ ਥਾਵਾਂ 'ਤੇ ਮੀਂਹ ਪਿਆ। ਮੌਸਮ ਵਿਭਾਗ ਨੇ ਸਿਰਮੌਰ, ਸ਼ਿਮਲਾ, ਮੰਡੀ, ਕੁੱਲੂ, ਕਾਂਗੜਾ ਅਤੇ ਚੰਬਾ ਜ਼ਿਲ੍ਹਿਆਂ ਵਿੱਚ 9 ਮਈ ਤੱਕ ਗਰਜ ਨਾਲ ਬਿਜਲੀ ਚਮਕਣ ਅਤੇ 30-50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਲਈ ਯੈਲੋ ਅਲਰਟ ਜਾਰੀ ਕੀਤਾ ਹੈ।

ਹਿਮਾਚਲ ਵਿਚ ਮੌਸਮ ਖਰਾਬ ਹੋਣ ਕਾਰਨ ਧਰਮਸ਼ਾਲਾ ਦੇ ਸਟੇਡੀਅਮ ਵਿਚ ਆਗਾਮੀ ਇੰਡੀਅਨ ਪ੍ਰੀਮੀਅਰ ਲੀਗ ਮੈਚਾਂ ਵਿਚ ਮੀਂਹ ਦਾ ਪ੍ਰਛਾਵਾ ਪੈ ਸਕਦਾ ਹੈ।

## ਸ੍ਰੀਲੰਕਾ ਪੁਲੀਸ ਵੱਲੋਂ ਪਹਿਲਗਾਮ ਹਮਲੇ ਦੇ ਸ਼ੱਕੀ ਦੀ ਸੂਚਨਾ ਮਿਲਣ 'ਤੇ ਚੇਨਈ ਤੋਂ ਆਈ ਉਡਾਣ ਦੀ ਤਲਾਸ਼ੀ

ਕੋਲੰਬੋ, ਲੋਕ ਬਾਣੀ-ਸ੍ਰੀਲੰਕਾ ਦੀ ਪੁਲੀਸ ਨੂੰ ਅੱਜ ਸੂਚਨਾ ਮਿਲੀ ਕਿ ਪਹਿਲਗਾਮ ਹਮਲੇ ਦਾ ਸ਼ੱਕੀ ਚੇਨਈ ਤੋਂ ਹਵਾਈ ਉਡਾਣ ਰਾਹੀਂ ਇੱਥੇ ਆ ਰਿਹਾ ਹੈ। ਇਸ ਤੋਂ ਬਾਅਦ ਪੁਲੀਸ ਤੇ ਜਾਂਚ ਟੀਮਾਂ ਨੇ ਸ਼ਨਿਚਰਵਾਰ ਨੂੰ ਚੇਨਈ ਤੋਂ ਇੱਥੇ ਪਹੁੰਚਣ ਵਾਲੀ ਇੱਕ ਉਡਾਣ ਦੀ ਤਲਾਸ਼ੀ ਲਈ। ਸ੍ਰੀਲੰਕਾ ਏਅਰਲਾਈਨਜ਼ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਸ ਦੀ ਉਡਾਣ ਕੋਲੰਬੋ ਦੇ ਬੰਦਰਨਾਇਕ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਚੇਨਈ ਤੋਂ ਪੁੱਜੀ ਤੇ ਉਸ ਦੀ ਸੁਰੱਖਿਆ ਕਾਰਨਾਂ ਕਰ ਕੇ ਜਾਂਚ ਕੀਤੀ ਗਈ। ਇਸ ਬਾਰੇ ਚੇਨਈ ਏਰੀਆ



ਕੰਟਰੋਲ ਸੈਂਟਰ ਨੇ ਚਿਤਾਵਨੀ ਦਿੱਤੀ ਸੀ ਜਿਸ ਤੋਂ ਬਾਅਦ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਤਲਾਸ਼ੀ ਲਈ ਗਈ।

## ਪੁਲੀਸ ਵੱਲੋਂ ਨਸ਼ਾ ਤੇ ਅਸਲਾ ਸਪਲਾਈ ਕਰਨ ਵਾਲੇ ਅੰਤਰਰਾਜੀ ਗਰੋਹ ਦੇ 11 ਮੈਂਬਰ ਕਾਬੂ

ਖੰਨਾ, ਲੋਕ ਬਾਣੀ ਪੁਲੀਸ ਜ਼ਿਲ੍ਹਾ ਖੰਨਾ ਨੇ ਅੱਜ ਨਸ਼ਾ ਤੇ ਨਜਾਇਜ਼ ਅਸਲਾ ਸਪਲਾਈ ਕਰਨ ਵਾਲੇ ਅੰਤਰਰਾਜੀ ਗਰੋਹ ਦੇ 11 ਮੈਬਰਾਂ ਨੂੰ ਹੈਰੋਇਨ, ਨਜਾਇਜ਼ ਅਸਲੇ ਅਤੇ ਤਸਕਰੀ ਵਿਚ ਵਰਤੀਆਂ ਜਾਣ ਵਾਲੀਆਂ ਗੱਡੀਆਂ ਸਮੇਤ ਗ੍ਰਿਫ਼ਤਾਰ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸਐਸਪੀ ਡਾ. ਜੋਤੀ ਯਾਦਵ ਨੇ ਦੱਸਿਆ ਕਿ ਐਸਪੀ (ਡੀ) ਪਵਨਦੀਪ ਚੌਧਰੀ, ਡੀਐਸਪੀ ਅੰਮ੍ਰਿਤਪਾਲ ਸਿੰਘ ਭਾਟੀ, ਡੀਐਸਪੀ



ਤਰਲੋਚਨ ਸਿੰਘ ਅਤੇ ਡੀਐਸਪੀ ਮੋਹਿਤ ਕੁਮਾਰ ਦੀ ਅਗਵਾਈ ਹੇਠਾਂ ਪੁਲੀਸ ਪਾਰਟੀ ਨੇ ਇਹ ਕਾਰਵਾਈ ਅਮਲ ਵਿਚ ਲਿਆਂਦੀ ਹੈ।

## ਪਾਕਿਸਤਾਨ ਦੀ ਫ਼ੌਜ ਨੂੰ ਤੋਪਖਾਨੇ ਦੇ ਗੋਲਾ-ਬਾਰੂਦ ਦੀ ਗੰਭੀਰ ਘਾਟ - ਸੂਤਰ


ਬਠਿੰਡਾ ਲੋਕ ਬਾਣੀ--ਸੂਤਰਾਂ ਅਨੁਸਾਰ ਪਾਕਿਸਤਾਨ ਦੀ ਫ਼ੌਜ ਨੂੰ ਤੋਪਖਾਨੇ ਦੇ ਗੋਲਾ-ਬਾਰੂਦ ਦੀ ਗੰਭੀਰ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਇਸ ਦੀ ਜੰਗੀ ਸਮਰੱਥਾ ਸਿਰਫ਼ ਚਾਰ ਦਿਨਾਂ ਤੱਕ ਸੀਮਤ ਹੋ ਗਈ ਹੈ। ਇਹ ਘਾਟ ਦੇਸ਼ ਦੇ ਯੂਕਰੇਨ ਨਾਲ ਹਾਲ ਹੀ ਵਿੱਚ ਹੋਏ ਹਥਿਆਰਾਂ ਦੇ



ਸੌਦਿਆਂ ਕਾਰਨ ਹੈ, ਜਿਸ ਕਾਰਨ ਇਸ ਦੇ ਜੰਗੀ ਭੰਡਾਰ ਖ਼ਤਮ ਹੋ ਗਏ ਹਨ

## ਬੀਬੀਐਮਬੀ ਵਲੋਂ ਪੰਜਾਬ ਦੀ ਮੰਗ ਰੱਦ ਕਰਦਿਆਂ ਸੂਬੇ ਦੇ ਨੁਮਾਇੰਦਿਆਂ ਤੋਂ ਬਿਨਾਂ ਹੀ ਮੀਟਿੰਗ ਸ਼ੁਰੂ

ਚੰਡੀਗੜ੍ਹ, ਲੋਕ ਬਾਣੀ -ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਨੇ ਪੰਜਾਬ ਸਰਕਾਰ ਦੀ ਮੀਟਿੰਗ ਮੁਲਤਵੀ ਕਰਨ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਬੀਬੀਐਮਬੀ ਨੇ ਪੰਜਾਬ ਦੀ ਮੰਗ ਨੂੰ ਦਰਕਿਨਾਰ ਕਰਦਿਆਂ ਪੰਜਾਬ ਦੇ ਨੁਮਾਇੰਦਿਆਂ ਤੋਂ ਬਿਨਾਂ ਹੀ ਮੀਟਿੰਗ ਸ਼ੁਰੂ ਕਰ ਦਿੱਤੀ ਹੈ।ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਮੀਟਿੰਗ ਤੋਂ ਐਨ ਪਹਿਲਾਂ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਅੱਜ ਦੀ ਮੀਟਿੰਗ ਨੂੰ ਰੱਦ ਕੀਤਾ ਜਾਵੇ, ਕਿਉਂਕਿ ਪੰਜਾਬ



ਸਰਕਾਰ ਦੀ ਸਮੁੱਚੀ ਮਸ਼ੀਨਰੀ ਪੰਜਾਬ ਵਿਧਾਨ ਸਭਾ ਦੇ 5 ਮਈ ਨੂੰ ਹੋਣ ਵਾਲੇ ਵਿਸ਼ੇਸ਼ ਇਜਲਾਸ ਦੀ ਤਿਆਰੀ ਵਿੱਚ ਰੁੱਝੀ ਹੋਈ ਹੈ।

## ਇਹ ਇਕ ਵਾਰ ਅਤੇ ਹਮੇਸ਼ਾ ਲਈ ਅੱਤਵਾਦ ਨੂੰ ਜੜ੍ਹੋਂ ਪੁੱਟਣ ਦਾ ਸਮਾਂ ਹੈ - ਫਾਰੂਕ ਅਬਦੁੱਲਾ


ਅਨੰਤਨਾਗ ਲੋਕ ਬਾਣੀ- ਪਹਿਲਗਾਮ ਵਿਚ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ, ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਨੇ ਇਸ ਬੇਰਹਿਮੀ ਦੀ ਨਿੰਦਾ ਕੀਤੀ, ਅੱਤਵਾਦ ਵਿਰੁੱਧ ਏਕਤਾ ਦਾ ਸੱਦਾ ਦਿੱਤਾ ਅਤੇ ਪੀੜਤਾਂ ਨੂੰ ਏਕਤਾ ਦਾ ਦਿਲੋਂ ਸੰਦੇਸ਼ ਦਿੱਤਾ। ਨਿਊਜ਼ ਏਜੰਸੀ ਨਾਲ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਘੜਾ ਭਰ ਗਿਆ ਹੈ ਅਤੇ ਇਹ ਇਕ ਵਾਰ ਅਤੇ ਹਮੇਸ਼ਾ ਲਈ ਅੱਤਵਾਦ ਨੂੰ ਜੜ੍ਹੋਂ




ਪੁੱਟਣ ਦਾ ਸਮਾਂ ਹੈ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੰਮੂ ਅਤੇ ਕਸ਼ਮੀਰ ਕਦੇ ਵੀ ਪਾਕਿਸਤਾਨ ਦੇ ਨਾਲ ਨਹੀਂ ਰਿਹਾ ਅਤੇ ਨਾ ਹੀ ਕਦੇ ਰਹੇਗਾ।

## ਫਿਲਮ, ਟੈਲੀਵਿਜ਼ਨ ਅਤੇ ਔਨਲਾਈਨ ਵੀਡੀਓ ਸੇਵਾਵਾਂ ਉਦਯੋਗ ਨੇ 2024 ਚ 514 ਕਰੋੜ ਰੁਪਏ ਤੋਂ ਵੱਧ ਦੀ ਕੀਤੀ ਕਮਾਈ - ਰਿਪੋਰਟ

ਨਵੀਂ ਦਿੱਲੀ, ਲੋਕ ਬਾਣੀ-- ਮੋਸ਼ਨ ਪਿਕਚਰ ਐਸੋਸੀਏਸ਼ਨ (ਐਮਪੀਏ) ਦੁਆਰਾ ਡੇਲੋਇਟ ਦੇ ਸਹਿਯੋਗ ਨਾਲ ਕੀਤੀ ਗਈ ਇਕ ਨਵੀਂ ਰਿਪੋਰਟ ਅਨੁਸਾਰ, ਭਾਰਤ ਵਿਚ ਫ਼ਿਲਮ, ਟੈਲੀਵਿਜ਼ਨ ਅਤੇ ਔਨਲਾਈਨ ਵੀਡੀਓ ਸੇਵਾਵਾਂ ਉਦਯੋਗ ਨੇ 2024 ਵਿਚ ਕੁੱਲ 61.2 ਬਿਲੀਅਨ ਅਮਰੀਕੀ ਡਾਲਰ (514



ਕਰੋੜ ਰੁਪਏ) ਦਾ ਆਰਥਿਕ ਯੋਗਦਾਨ ਪਾਇਆ।

263 VISA
ਫਰਵਰੀ 2025 ਮਹੀਨੇ ਵਿੱਚ ਲੱਗੇ
TOURIST VISA
USA/ SCHENGEN
CANADA/ AUSTRALIA/ UK/ NZ
easyvisa
8195 828282
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ



# ਲੋਕ ਰੰਗ

Email:- lokbani08@gmail.com


# ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ
www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


## ਜਨਮ ਦਿਨ ਤੇ ਵਿਸ਼ੇਸ਼



ਪੰਜਾਬੀ ਸੰਗੀਤ ਨੂੰ ਰੂਹ ਦੀ ਖੁਰਾਕ ਮੰਨਣ ਵਾਲੀ,ਹੁਸਨ ਅਤੇ ਗਾਇਕੀ ਦਾ ਸੁਮੇਲ ਖੂਬਸੂਰਤ ਮੁਟਿਆਰ ਗਾਇਕਾ ਜੰਨਤ ਕੌਰ

ਗਾਇਕੀ ਦੇ ਖੇਤਰ ਵਿਚ ਸਮੇਂ-ਸਮੇਂ ਸਿਰ ਸੁਰਿੰਦਰ ਕੌਰ,ਪ੍ਰਕਾਸ਼ ਕੌਰ,ਗੁਰਮੀਤ ਕੌਰ ਬਾਵਾ ਆਦਿ ਹੋਰ ਪੰਜਾਬ ਦੀਆਂ ਅਵਾਜਾਂ ਨੇ ਸੰਗੀਤ ਜਗਤ ਵਿੱਚ ਆਪਣਾ ਯੋਗਦਾਨ ਪਾਇਆ ਹੈ ਅੱਜ ਵੀ ਪਾ ਰਹੀਆ ਹਨ,ਮੈਂ ਗੱਲ ਕਰ ਰਿਹਾ ਸੁਰਾਂ ਦੀ ਮਾਲਕ ਤੇ ਗਾਇਕੀ ਨੂੰ ਅਥਾਹ ਪਿਆਰ ਕਰਨ ਵਾਲੀ ਖੂਬਸੂਰਤ ਮੁਟਿਆਰ ਜੰਨਤ ਕੌਰ ਦਾ ਜਿਸ ਨੇ ਪੰਜਾਬੀ ਸੰਗੀਤ ਜਗਤ ਵਿੱਚ ਆਪਣੀ ਕਲਾਂ ਬਿਖੇਰੀ ਹੈ।

ਆਉ ਜਾਣਦੇ ਹਾਂ ਗਾਇਕਾ ਜੰਨਤ ਕੌਰ ਬਾਰੇ:-

ਜੰਨਤ ਕੌਰ ਦਾ ਜਨਮ 2 ਮਈ ਨੂੰ ਪਿਤਾ ਸਰਦਾਰ ਰਘਵੀਰ ਸਿੰਘ ਅਤੇ ਮਾਤਾ ਸ੍ਰੀਮਤੀ ਸੁਖਦੇਵ ਕੌਰ ਦੇ ਘਰ ਕਪੂਰਥਲਾ ਵਿੱਚ ਹੋਇਆ ਜੋ ਸੰਗੀਤ ਪ੍ਰੇਮੀ ਸਨ,ਉਨ੍ਹਾਂ ਦੀ ਪ੍ਰੇਰਨਾ ਸਦਕਾ ਬਚਪਨ ਤੋਂ ਗਾਉਣ ਦਾ ਸ਼ੌਕ ਪਿਆ।

ਮੁੱਢਲੀ ਪੜ੍ਹਾਈ ਦੀ ਸਿੱਖਿਆ ਤੋਂ ਬਾਅਦ ਸਰਕਾਰੀ ਕਾਲਜ ਕਪੂਰਥਲਾ ਤੋਂ ਗਰੇਜੂਏਸ਼ਨ ਤੇ ਐਮ.ਏ.ਮਿਊਜ਼ਿਕ ਵੋਕਲ ਵਿੱਚ ਪ੍ਰਾਪਤ ਕੀਤੀ। ਪ੍ਰੋ:ਦੱਤਾ ਜੀ ਤੋਂ ਸੰਗੀਤ ਦੀਆਂ ਹੋਰ ਬਰੀਕੀਆਂ ਹਾਸਲ ਕੀਤੀਆਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਤੌਰ ਫੋਕ ਸਿੰਗਰ ਬੈਸਟ ਡਾਂਸਰ ਅਤੇ ਗਿੱਧੇ ਦੀ ਕਪਤਾਨ ਬਣ ਕੇ ਨਾਮਣਾ ਖੱਟਿਆ,ਬੈਸਟ ਸਿੰਗਰ ਨਾਲ ਨਿਵਾਜੀ ਗਈ। ਗਾਇਕੀ ਦੀ ਸ਼ੁਰੂਆਤ ਪਹਿਲਾ ਸਿੰਗਲ ਟਰੈਕ ਦਿਲ ਜਾਨੀਪਹਿਲੀ ਰਿਕਾਰਡਿੰਗ ਸਾਲ 2005 ਵਿਚ ਪਹਿਲੀ ਸੋਲੋ ਐਲਬਮ ਪਿਆਰ ਹੋ ਗਿਆ ਆਈ ਜਿਸ ਨੂੰ ਸਰੋਤਿਆਂ ਨੇ ਭਰਵਾਂ ਹੁੰਗਾਰਾ ਦਿੱਤਾ। ਸੰਨ 2009 ਤੋਂ ਸਟੇਜ ਸ਼ੋਅ ਸ਼ੁਰੂ ਹੋਏ ਅਤੇ ਦੂਰਦਰਸ਼ਨ ਤੇ ਆਪਣੀ ਗਾਇਕੀ ਦੇ ਜਲਵੇ ਦਿਖਾਏ ਇਸ ਤੋਂ ਬਾਅਦ 2013 ਵਿੱਚ ਗਾਇਕ ਭੁਪਿੰਦਰ ਗਿੱਲ ਨਾਲ ਐਲਬਮ ਪੰਜ ਵੱਜ ਗਏ ਰਿਲੀਜ਼ ਹੋਈ। ਇਸ ਨੂੰ ਵੀ ਸਰੋਤਿਆਂ ਨੇ ਹੋਰ ਮਕਬੂਲ ਕੀਤਾ 2013-14 ਵਿੱਚ ਪੀ.ਟੀ.ਸੀ.,ਜ਼ੀ. ਪੰਜਾਬੀ,ਜੋਸ਼ ਆਦਿ ਵੱਡੇ ਚੈਨਲਾਂ ਤੇ ਗਾਇਕੀ ਦਾ ਲੋਹਾ ਮਨਵਾਇਆ।

ਜੰਨਤ ਕੌਰ ਦੇ ਸੋਲੋ ਤੇ ਡਿਊਟ ਗੀਤ ਮੈਂ ਤਾਂ ਝੱਲਦੀ ਬੇਬੇ ਦੀਆਂ ਝਿੜਕਾਂ, ਇਕ ਤੇਰੇ ਪਿਆਰ ਕਰਦੀ,ਜਿਹੜੀ ਜਿਪਸੀ ਚੋਂ ਲਾਏਵੀਲ੍ਹ ਪਾਏ ਤੂੰ ,ਰੱਬਾ ਮੇਰੇ ਹਾਲ ਦਾ ਮਹਿਰਮ ਤੂੰ,ਦਿਲ ਜਾਨੀ,ਪੰਜ ਵੱਜ ਗਏ,ਚੌਧਰ,ਪ੍ਰਪੋਜ਼ ,ਕੁੜੀ ਪੰਜਾਬ ਦੀ,ਜ਼ਿੱਦ ਆਦਿ ਪ੍ਰਸਿੱਧ ਗੀਤ ਹਨ।

ਜੰਨਤ ਕੌਰ ਨੇ ਸੁਰਜੀਤ ਭੁੱਲਰ ਅਤੇ ਹੋਰ ਗਾਇਕਾ ਨਾਲ ਨਾਲ ਲਾਈਵ ਸ਼ੋਅ ਕੀਤੇ ਅਤੇ ਪ੍ਰਸਿੱਧੀ ਖੱਟੀ। 2016 ਵਿੱਚ ਸਿੰਗਲ ਟਰੈਕ ਅਣਖੀ ਧੀ ਧਾਰਮਕ ਗੀਤ ਆਇਆ। ਜਿਸ ਨੂੰ ਸੰਗੀਤ ਪ੍ਰੇਮੀਆਂ ਨੇ ਬਹੁਤ ਸਰਾਹਿਆ ਤੇ ਪਿਆਰ ਦਿੱਤਾ। ਜੰਨਤ ਕੌਰ ਸਾਫ ਸੁਥਰੇ ਸੱਭਿਆਚਾਰਕ ਗੀਤ ਪੰਜਾਬੀ ਗਾਇਕੀ ਦੀ ਝੋਲੀ ਪਾ ਰਹੀ ਹੈ ਐਲਬਮ ਕੁੜੀ ਪੰਜਾਬ ਦੀ ਰਾਹੀਂ ਲੜਕੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵੱਡਾ ਕਦਮ ਸੀ ਕੁੜੀ ਪੰਜਾਬ ਦੀ ਗੀਤ ਵਿੱਚੋਂ ਕੁਝ ਤੁਕਾਂ -

ਕੀ ਕੀਤਾ ਮਾੜਾ ਮੈਂ,ਕਿਉਂ ਕੁੱਖ ਚ ਮਾਰਦੇ ਹੋ,ਇਕ ਦਾਜ ਦੀ ਖਾਤਰ,ਸਾਨੂੰ ਜਿੰਦਾ ਸਾੜਦੇ ਓ,ਸ਼ਹੇ ਜ਼ੁਲਮ ਬਥੇਰੇ ਮੈਂ,ਹੁਣ ਨਾ ਮੈਂ ਜਰਦੀ ਹਾਂ।ਕੁੜੀ ਪੰਜਾਬ ਦੀ ਮੈਂ ਹੱਕਾਂ ਲਈ ਲੜਦੀ ਹਾਂ।

ਸੋ ਜੰਨਤ ਕੌਰ ਵਧਾਈ ਦੀ ਪਾਤਰ ਹੈ।

ਜੰਨਤ ਕੌਰ ਨੇ ਫੋਨ ਤੇ ਹੋਈ ਗੱਲਬਾਤ ਦੌਰਾਨ ਦੱਸਿਆ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਕੈਨੇਡਾ ਤੇ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਵਿੱਚ ਆਪਣੀ ਗਾਇਕੀ ਦੇ ਜਲਵੇ ਦਿਖਾ ਕੇ ਚੁੱਕੀ ਹੈ।

ਜੰਨਤ ਕੌਰ ਸਵ:ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ ਜੀ ਨੂੰ ਆਦਰਸ਼ ਮੰਨਦੀ ਹੈ,ਪੰਜਾਬੀ ਗਾਇਕੀ ਵਿੱਚ ਗਾਇਕਾਂ ਪ੍ਰਕਾਸ਼ ਕੌਰ,ਸੁਰਿੰਦਰ ਕੌਰ, ਸਤਵਿੰਦਰ ਬਿੱਟੀ,ਅਮਰਿੰਦਰ ਗਿੱਲ ਤੇ ਦਲਜੀਤ ਦੁਸਾਂਝ ਪਸੰਦੀਦਾ ਗਾਇਕ ਹਨ।

ਪਿਛਲੇ ਸਾਲ ਦੌਰਾਨ ਜੰਨਤ ਕੌਰ ਦਾ ਬਹੁਤ ਸੋਹਣਾ ਗੀਤ ਥਾਰ ਜੋ ਬਹੁਤ ਮਕਬੂਲ ਹੋਇਆ,ਇੱਕ ਹੋਰ ਗਾਣਾ ਇਜ਼ਹਾਰ ਨੂੰ ਭਰਵਾਂ ਹੁੰਗਾਰਾ ਮਿਲਿਆ ਤੇ ਮਿਲ ਰਿਹਾ ਹੈ।

ਕੁਝ ਦਿਨ ਪਹਿਲਾਂ ਨਵਾਂ ਰਿਲੀਜ਼ ਹੋਇਆ ਗਾਣਾ ਨਜ਼ਰ (ਮਾਂ-ਪੁੱਤ ਦੇ ਪਵਿੱਤਰ ਰਿਸ਼ਤੇ ਤੇ ਝਾਤ ਪਾਉਂਦਾ ਹੈ ) ਜੋ ਸੁਰਿੰਦਰ ਸਿੰਘ ਫ਼ਿਲਮਜ਼ ਦੀ ਪੇਸ਼ਕਸ਼ ਫ਼ਿਲਮ ਸ਼ਾਮ ਕੌਰ ਵਿੱਚ ਸਿੰਗਾਰ ਬਣੇਗਾ।

ਜੰਨਤ ਕੌਰ ਦਾ ਹਰ ਸਰੋਤੇ ਕਹਿਣਾ ਹੈ ਕਿ ਪੰਜਾਬੀ ਮਾਂ ਬੋਲੀ ਦਾ ਸਤਿਕਾਰ ਕਰੋ,ਵਧੀਆ ਗਾਣੇ ਸੁਣੋ,ਚੰਗੇ ਕਾਰਜ ਕਰੋ,ਚੰਗਾ ਸਾਹਿਤ ਪੜੋ,ਬੁਰਾਈਆਂ ਤੋਂ ਦੂਰ ਰਹੋ,ਸਰਬੱਤ ਦਾ ਭਲਾ ਮੰਗੋ,ਆਪਣੀ ਜੀਵਨ ਸ਼ੈਲੀ ਨੂੰ ਸਵਰਗ ਬਣਾ ਕੇ ਜੀਵਨ ਬਤੀਤ ਕਰਦੇ ਰਹੋ।

ਸੋ ਗਾਇਕਾ ਜੰਨਤ ਕੌਰ ਨੇ ਜਿੰਨਾ ਪੰਜਾਬੀ ਸੰਗੀਤ ਜਗਤ ਲਈ ਗਾਇਆ ਪਰਿਵਾਰਕ ਅਤੇ ਸਮਾਜਿਕ ਕਦਰਾਂ ਕੀਮਤਾ ਵਾਲੇ,ਗਾਣੇ ਗਾਏ ਹਨ ਬਹੁਤ ਹੀ ਵਧਾਈ ਦੀ ਪਾਤਰ ਹੈ।

ਗਾਇਕਾ ਜੰਨਤ ਕੌਰ ਦਾ 2 ਮਈ ਨੂੰ ਜਨਮ ਦਿਨ ਹੈ ਜਨਮ ਦਿਨ ਲੱਖ- ਲੱਖ ਵਧਾਈਆਂ।

ਸੋ ਆਸ ਕਰਦੇ ਹਾਂ ਕਿ ਪੰਜਾਬੀ ਮਾਂ ਬੋਲੀ, ਸੱਭਿਆਚਾਰ ਅਤੇ ਪੰਜਾਬੀਅਤ ਦੀ ਸੇਵਾ ਕਰਦੀ ਰਹੇ। ਗਾਇਕੀ ਦੇ ਖੇਤਰ ਵਿੱਚ ਹੋਰ ਤਰੱਕੀਆਂ ਕਰੇ ਦਿਨ ਦੁਗਣੇ ਅਤੇ ਰਾਤ ਚੌਗਣੀ ਤਰੱਕੀ ਕਰੇ ਅਤੇ ਜੁੱਗ-ਜੁੱਗ ਜਵਾਨੀਆਂ ਮਾਣੇ ਚੜਦੀ ਕਲਾ ਵਿੱਚ ਰਹੇ।

ਫਗਵਾੜਾ ( -ਸੁਸ਼ੀਲ ਸ਼ਰਮਾ )

## ਦੂਜਾ ਰੱਬ

ਦੂਜਾ ਰੱਬ ਤੈਨੂੰ ਬਾਬਲਾ ਸੀ ਅਸੀਂ ਜਾਂਣਦੇ,
ਤੇਰੇ ਹੁੰਦਿਆਂ ਸੀ ਠਾਠਾਂ ਨਾਲ ਮੌਜਾਂ ਮਾਣਦੇ।

ਤੂੰ ਕੀਤਾ ਰੱਜ ਰੱਜ ਲਾਡ ਫੜ ਉਗਲੀ ਤੁਰਾਇਆ,
ਹੁੰਦੀ ਗਲਤੀ ਤੇ ਤੂੰ ਸੀ ਸਾਨੂੰ ਝੱਟ ਸਮਝਾਇਆ।
ਜੀਉਂਦੇ ਬਾਬਲਾ ਸੀ ਤੇਰੇ ਨਾਲ ਅਸੀਂ ਸ਼ਾਨਦੇ ,
ਤੇਰੇ ...........................

ਹੁੰਦਾ ਬੱਚਿਆ ਦੇ ਸਿਰ ਉੱਤੇ ਬਾਬਲੇ ਦਾ ਛਾਇਆ,
ਆਪ ਭੁੱਖੇ ਰਹਿਕੇ ਸਾਨੂੰ ਰਜ ਕੇ ਪੜਾਇਆ।
ਸਾਰੇ ਕਰਦੇ ਸੀ ਪਿਆਰ ਨਿੱਕੇ ਵੱਡੇ ਹਾਂਣਦੇ,
ਤੇਰੇ ...........................

ਤੇਰੀ ਯਾਦ ਬੜੀ ਆਵੇ ਵਿਹੜਾ ਵੱਢ ਵੱਢ ਖਾਵੇ।
ਤੇਰੇ ਬਿਨਾਂ ਕੋਈ ਰੋਦਿਆਂ ਨੂੰ ਚੁੱਪ ਨਾ ਕਰਾਵੇ।
ਜਿਹੜੇ ਕਰਦੇ ਸੀ ਜੀਅ ਜੀਅ ਹੁਣ ਨਾ ਪਛਾਂਣਦੇ,
ਤੇਰੇ ...........................

ਟੁੱਟ ਗਏ ਅਰਮਾਨ ਦੁੱਖ ਜਿੰਦਗੀ ਨੂੰ ਪੈ ਗਏ,
ਕਹਿੰਦਾ ਉਦੋਕੇ ਨਿਮਾਣਾ ਹਾਸੇ ਚਿਹਰੇ ਤੇ ਨਾ ਰਹਿ ਗਏ।
ਹੁੰਦਾ ਬਾਪ ਜਿਹਾ ਰਿਸਤਾ ਨਾ ਵਿੱਚ ਜਹਾਨ ਦੇ,
ਤੇਰੇ ਹੁੰਦਿਆਂ ਸੀ ਠਾਠਾਂ ਨਾਲ ਮੌਜਾਂ ਮਾਂਣਦੇ।



ਲੇਖਕ - ਜਗਨ ਨਾਥ ਨਿਮਾਣਾ ਉਦੋਕੇ,
ਸੀ :::7, ਚੰਦਰ ਨਗਰ, ਬਟਾਲਾ।

## ਪੰਜ ਸਰੀਰ ਦੇ ਵਫ਼ਾਦਾਰ ਅੰਗ

ਫਗਵਾੜਾ ( -ਸੁਸ਼ੀਲ ਸ਼ਰਮਾ )

ਪੰਜ ਤੱਤਾਂ ਦੇ ਸਾਡੇ ਸਰੀਰ ਨੂੰ ਪਰਮਾਤਮਾ ਨੇ ਇੱਕੋ ਚਮੜੀ ਦੇ ਨਾਲ ਵੱਖ ਵੱਖ ਅੰਗਾਂ ਦੇ ਰੂਪ ਵਿੱਚ ਨਿਵਾਜਿਆ ਹੈ ਅਤੇ ਹਰ ਇੱਕ ਅੰਗ ਦਾ ਸਾਡੇ ਸਰੀਰ ਵਿੱਚ ਆਪਣਾ ਇੱਕ ਅਲੱਗ ਹੀ ਅਤੇ ਅਹਿਮ ਯੋਗਦਾਨ ਹੈ। ਅਤੇ ਹਰ ਅੰਗ ਸਾਡੇ ਸਰੀਰ ਨੂੰ ਸੰਪੂਰਨ ਰੂਪ ਵਿੱਚ ਕਿਰਿਆ ਕਰਵਾਉਂਦਾ ਰਹਿੰਦਾ ਹੈ, ਅਤੇ ਸ਼ਰੀਰ ਰਾਹੀਂ ਜਿੰਦਗੀ ਜਿਉਣ ਦੇ ਹਰ ਪੜਾਅ ਦੇ ਰੂਬਰੂ ਕਰਵਾਉਂਦਾ ਹੈ। ਪਰ ਕਦੇ ਸੋਚਿਆ ਹੈ ਸਾਰੇ ਅੰਗਾਂ ਦੇ ਨਾਲ ਨਾਲ ਜੇਕਰ ਸਾਡੇ ਸਰੀਰ ਵਿੱਚ ਪਰਮਾਤਮਾ ਵੱਲੋਂ ਪੈਰ ਨਾ ਬਣਾਏ ਜਾਂਦੇ ਤਾਂ ਜ਼ਿੰਦਗੀ ਦੇ ਖ਼ੂਬਸੂਰਤ ਪੈਂਡਿਆਂ ਨੂੰ ਅਸੀਂ ਕਿਸ ਪ੍ਰਕਾਰ ਨਾਲ ਪੂਰਾ ਕਰਦੇ ? ਜਿੰਦਗੀ ਦੇ ਉਹ ਲੰਮੇ ਪੈਂਡੇ ਜੋ ਕਦੇ ਜ਼ਿੰਦਗੀ ਦੇ ਹਸੀਨ ਰੂਪ ਦੇ ਸਫਰ ਚ ਅਤੇ ਕਦੇ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦੇ ਸਫਰ ਭਾਵ ਰੋਜ਼ ਦੇ ਕੰਮਕਾਜਾਂ ਨੂੰ ਅਤੇ ਸ਼ਰੀਰ ਰੂਪੀ ਲੰਮੇ ਪੈਂਡੇ ਨੂੰ ਅਸੀਂ ਰੋਜ਼ ਕਿਵੇਂ ਤੈਅ ਕਰਦੇ ?

ਇੱਕ ਅਹਿਸਾਸ ਅਤੇ ਇੱਕ ਲੋਜਿਕਲ ਵੇਅ ਵਜੋਂ ਜੇਕਰ ਅਸੀਂ ਗੱਲ ਕਰੀਏ ਸਾਡੇ ਸਰੀਰ ਦੇ ਸਭ ਤੋਂ ਵਫਾਦਾਰ ਅੰਗ ਵਜੋਂ ਸਾਡੇ ਪੈਰ ਸਾਡੇ ਸਰੀਰ ਨਾਲ ਪ੍ਰਤੱਖ ਰੂਪ ਵਿਚ ਵਿਚਰਦੇ ਹਨ। ਜੇਕਰ ਪਰਮਾਤਮਾ ਵੱਲੋਂ ਪੰਛੀਆਂ ਨੂੰ ਉਡਾਣ ਵਾਸਤੇ ਖੰਭ ਦਿੱਤੇ ਗਏ ਹਨ ਤਾਂ ਇਨਸਾਨ ਨੂੰ ਵੀ ਪਰਮਾਤਮਾ ਵੱਲੋਂ ਜ਼ਿੰਦਗੀ ਦੇ ਹਰ ਪ੍ਰਕਾਰ ਦੇ ਸਫ਼ਰ ਤੈਅ ਕਰਨ ਲਈ ਸਰੀਰ ਦੇ ਹਿੱਸੇ ਵਜੋਂ ਪੈਰ ਦਿੱਤੇ ਗਏ ਹਨ, ਜਾਂ ਕਹਿ ਲਓ ਖ਼ੂਬਸੂਰਤ ਸਫ਼ਰ।

ਆਓ ਜਾਣੀਏ ਸਰੀਰ ਦੇ ਵਫ਼ਾਦਾਰ ਅੰਗ ਪੈਰਾਂ ਬਾਰੇ,,,,,

ਜੇਕਰ ਇਹ ਮੰਨ ਕੇ ਚੱਲੀਏ ਕਿ ਪੈਰ ਸਰੀਰ ਦੇ ਸਭ ਤੋਂ ਵਫਾਦਾਰ ਅੰਗ ਹਨ ਤਾਂ ਇਹ ਗਲਤ ਨਹੀਂ ਹੋਵੇਗਾ। ਸਰੀਰਕ ਰਚਨਾ ਵਿਗਿਆਨ ਚ ਦੱਸਿਆ ਜਾਂਦਾ ਹੈ ਕਿ ਪ੍ਰਤੇਕ ਪੈਰ ਵਿੱਚ 26 ਹੱਡੀਆਂ ਹੁੰਦੀਆਂ ਹਨ ਅਤੇ ਦੋਵੇਂ ਪੈਰਾਂ ਵਿੱਚ ਸੰਪੂਰਨ ਸਰੀਰ ਦੀਆਂ ਇੱਕ ਚੌਥਾਈ ਹੱਡੀਆਂ ਹੁੰਦੀਆਂ ਹਨ। ਜਿਹੜੀਆਂ 107 ਲਿਗਾਮੈਂਟ ਅਤੇ 19 ਮਾਸ ਪੇਸ਼ੀਆਂ ਨਾਲ ਪਰਸਪਰ ਬੰਨੀਆਂ ਹੁੰਦੀਆਂ ਹਨ। ਕਨੈਕਟਿਵ ਟਿਸ਼ੂ, ਰਕਤ ਧਮਨੀਆਂ ਅਤੇ ਨਸਾਂ ਨਾਲ ਜੁੜੀਆਂ ਹੁੰਦੀਆਂ ਹਨ। ਇਹ ਸਭ ਚਮੜੀ ਨਾਲ ਢਕਿਆ ਹੁੰਦਾ ਹੈ ਜਿਸ ਵਿੱਚ ਨਸਾਂ ਦੇ 7200 ਸਿਰੇ ਹੁੰਦੇ ਹਨ। ਪੈਰ ਸਰੀਰ ਦਾ ਇੱਕ ਛੋਟਾ ਜਿਹਾ ਭਾਗ ਹੋਣ ਦੇ ਬਾਵਜੂਦ ਵੀ 60 ਤੋਂ 80 ਕਿਲੋਗ੍ਰਾਮ ਭਾਰ ਅਤੇ 150 ਤੋਂ 180 ਸੈਂਟੀਮੀਟਰ ਦੀ ਉਚਾਈ ਵਾਲੇ ਸਰੀਰ ਨੂੰ ਆਧਾਰ ਪ੍ਰਦਾਨ ਕਰਦਾ ਹੈ। ਇਸ ਨੂੰ ਚਲਾਉਂਦਾ ਹੈ ਅਤੇ ਸਰੀਰ ਦਾ ਸੰਤੁਲਨ ਬਣਾਈ ਰੱਖਦਾ ਹੈ। ਪ੍ਰਤੀ ਦਿਨ ਟਹਿਲਣ, ਹੌਲੀ ਹੌਲੀ ਉਛਲ ਕੁਦ ਕਰਦਿਆਂ ਦੌੜ ਲਗਾਉਣ ਨਾਲ ਸਰੀਰ ਨੂੰ ਉਸਤਨ 1000 ਟਨ ਦੇ ਬਰਾਬਰ ਹਿਚਕੋਲੇ ਜਾਂ ਧੱਕੇ ਲੱਗਦੇ ਹਨ।

ਜਾਂ ਫਿਰ ਵੀ ਬਿਨਾਂ ਕਿਸੇ ਆਰਾਮ ਜਾਂ ਸ਼ਿਕਾਇਤ ਦੇ ਜੀਵਨ ਦੇ ਅੰਤ ਤੱਕ ਪੈਰ ਆਪਣੇ ਕੰਮ ਵਿੱਚ ਲੱਗੇ ਰਹਿੰਦੇ ਹਨ। ਅਤੇ ਜ਼ਿੰਦਗੀ ਦੇ ਹਰ ਪੜਾਅ ਮੁਤਾਬਿਕ ਚਲਦੇ ਰਹਿਣ ਦੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

ਪਰ ਕੀ ਤੁਸੀਂ ਜਾਣਦੇ ਹੋ ?

ਪੈਰ ਸਾਡੇ ਮਨ ਮੁਤਾਬਿਕ ਵੀ ਕੰਮ ਕਰਦੇ ਹਨ। ਜਿਸ ਤਰ੍ਹਾਂ ਅਸੀਂ ਦੇਖਣ ਦਾ ਕੰਮ ਹੱਥਾਂ ਤੋਂ ਨਹੀਂ ਲੈ ਸਕਦੇ, ਸਵਾਦ ਦਾ ਕੰਮ ਅੱਖਾਂ ਤੋਂ ਨਹੀਂ ਲੈ ਸਕਦੇ ,ਉਸੇ ਤਰ੍ਹਾਂ ਸਾਡੇ ਮਨ ਪਸੰਦ ਸਥਾਨ ਜਗ੍ਹਾ ਜਾਂ ਸਫ਼ਰ ਨੂੰ ਅਸੀਂ ਬਿਨਾਂ ਪੈਰਾਂ ਤੋਂ ਨਹੀਂ ਪੂਰਾ ਕਰ ਸਕਦੇ। ਜੇਕਰ ਕਿਸੇ ਅਹਿਸਾਸ ਨੂੰ ਪੂਰਾ ਕਰਨ ਵਿੱਚ ਮਨ ਦਾ ਅਹਿਮ ਯੋਗਦਾਨ ਹੈ, ਉਸੇ ਤਰ੍ਹਾਂ ਉਸ ਅਹਿਸਾਸ ਨੂੰ ਜਿਉਣ ਲਈ ਸਫ਼ਰ ਦੇ ਰੂਪ ਵਿੱਚ ਪੂਰਾ ਕਰਨ ਲਈ ਪੈਰਾਂ ਦਾ ਅਹਿਮ ਯੋਗਦਾਨ ਹੈ, ਤਾਂ ਤਾਂ ਹੋਏ ਨਾ ਤਾਂ ਪੈਰ ਸਰੀਰ ਦੇ ਸਭ ਤੋਂ ਵਫਾਦਾਰ ਅੰਗ।



ਡਾ.ਸਾਵੰਤ ਸਿੰਘ ਸਾਵਣ
ਐਮ.ਡੀ.
ਸਾਵਣ ਨੇਚਰੋਪੈਥੀ

# ਪੰਜਾਬ ਚ ਕਾਲਾ ਦੌਰ ਸ਼ੁਰੂ ਕਰਨ ਲਈ ਕਾਂਗਰਸ ਵੱਲੋਂ ਫਿੱਟ ਕੀਤਾ ਭਿੰਡਰਾਵਾਲਾ ਜਿੰਮੇਵਾਰ ਸਾਬਿਤ ਹੋਇਆ ???

ਸ਼ਾਂਤੀ ਦੇ ਪੁੰਜ ਦਰਬਾਰ ਸਾਹਿਬ ਨੂੰ ਮੋਰਚਾਬੰਦੀ ਕਰਕੇ ਕਿਲਾ ਬਣਾਉਣਾ,,ਭਿੰਡਰਾਵਾਲੇ ਵੱਲੋਂ ਨਿਰਦੋਸ਼ ਹਿੰਦੂਆਂ ਦੇ ਕਤਲ ਕਰਵਾਉਣੇ,,ਭਿੰਡਰਾਵਾਲੇ ਦੀ ਸੱਜੀ ਬਾਂਹ ਸੋਢੀ ਵੱਲੋਂ ਸ਼ਿੰਦੇ ਦੀ ਮਸ਼ੂਕ ਬਲਜੀਤ ਕੌਰ ਨਾਲ ਬਲਾਤਕਾਰ ਕਰਨਾ,,,ਸ਼ਿੰਦੇ ਅਤੇ ਬਲਜੀਤ ਕੌਰ ਵੱਲੋਂ ਸੋਢੀ ਨੂੰ ਸਿੰਧੀ ਹੋਟਲ ਵਿੱਚ ਸਦਕੇ ਧਕੇਸਾਹੀ ਦਾ ਬਦਲਾ ਲੈਣ ਲਈ ਗੋਲੀਆਂ ਮਾਰਕੇ ਭੁੰਨਣਾ,,,ਉਸ ਸਮੇਂ ਭਿੰਡਰਾਵਾਲਾ ਲੰਗਰ ਦੀ ਛੱਤ ਉੱਪਰ ਬੈਠਾ ਸੀ,ਬਲਜੀਤ ਕੌਰ ਸੋਢੀ ਦਾ ਕਤਲ ਕਰਕੇ ਉਹੀ ਰਿਵਾਲਵਰ ਹੱਥ ਵਿੱਚ ਫੜਕੇ ਪੌੜੀਆਂ ਚੜਕੇ ਭਿੰਡਰਾਂਵਾਲੇ ਕੋਲ ਜਾਦੀ ਆ,(ਉਸਦੇ ਦਿਮਾਗ਼ ਚ ਇਹੀ ਹੋਵੇਗਾ ਕੇ ਭਿੰਡਰਾਂਵਾਲੇ ਨੇ ਸਟੇਜਾਂ ਤੇ ਲਲਕਾਰ ਕੇ ਆਖਿਆ ਹੈ ਕਿ ਕੇ ਕੋਈ ਵੀ ਕਿਸੇ ਧੀ ਭੈਣ ਨਾਲ ਬਲਾਤਕਾਰ ਜਾਂ ਛੇੜਛਾੜ ਕਰਦਾ ਹੈ ਤਾ ਉਸ ਜਾਲਮ ਨੂੰ ਸੋਧਾ ਲਾਕੇ ਆ ਜਾਓ,ਮੈਂ ਸਾਂਭਾਂਗਾ),,,,ਪਰ ਕਹਿਣੀ ਤੇ ਕਰਨੀ ਚ ਫ਼ਰਕ ਨਿਕਲਿਆ,,ਬਲਜੀਤ ਕੌਰ ਉਸੇ ਆਸ ਨਾਲ ਜਾਦੀ ਹੈ ਕੇ ਮੈਂ ਭਿੰਡਰਾਵਾਲੇ ਨੂੰ ਸਾਰੀ ਗੱਲ ਦੱਸਾਂਗੀ,,ਭਿੰਡਰਾਵਾਲਾ ਮੈਨੂੰ ਸਾਬਾਸੀ ਦੇਵੇਗਾ ਤੇ ਧੀ ਵਾਂਗ ਸਾਂਭੇਗਾ,,,ਪਰ ਹੋਇਆ ਉਸਦੀ ਸੋਚ ਦੇ ਬਿਲਕੁਲ ਉਲਟ,,ਭਿੰਡਰਾਵਾਲੇ ਦੀ ਕਹਿਣੀ ਤੇ ਕਰਨੀ ਚ ਜਮੀਨ ਅਸਮਾਨ ਦਾ ਫ਼ਰ ਨਿਕਲਿਆ??? ਬਲਜੀਤ ਕੌਰ ਦੂਰੋਂ ਰਿਵਾਲਵਰ ਲਹਿਰਾਉਂਦੀ ਵੇਖਕੇ ਆਪਣੇ ਸਾਥੀਆਂ ਨੂੰ ਆਖ ਦਿੰਦਾ ਹੈ ਕਿ ਇਸ ਪਾਗਲ ਔਰਤ ਨੂੰ ਇੱਥੋਂ ਲੈ ਜਾਵੋ,,ਭਿੰਡਰਾਵਾਲੇ ਦੇ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਵਰਗੇ ਪੰਜ ਚਾਰ ਹੋਰ ਚੇਲੇ ਬਲਜੀਤ ਕੌਰ ਨੂੰ ਫੜਕੇ ਅਕਾਲ ਤਖਤ ਦੇ ਨਾਲ ਲੱਗਦੇ ਕਮਰੇ ਵਿੱਚ ਲੈ ਜਾਂਦੇ ਹਨ,,ਇਨੇ ਟਾਈਮ ਤੱਕ ਸੋਢੀ ਦੇ ਕਤਲ ਦਾ ਭਿੰਡਰਾਵਾਲੇ ਨੂੰ ਪਤਾ ਲੱਗ ਜਾਂਦਾ ਹੈ,,,ਭਿੰਡਰਾਵਾਲੇ ਦੇ ਸਮਰਥਕਾਂ ਵੱਲੋਂ ਵੈਸੇ ਵੀ ਅਟੈਕ ਸਮੇ ਬਹੁਤ ਗੱਪ ਕਹਾਣੀਆਂ ਸੁਣਾਈਆਂ ਗਈਆਂ,ਜਿਹੜੀਆਂ ਹੁਣ ਹੌਲੀ-੨ ਝੂਠੀਆਂ ਸਾਬਿਤ ਹੋ ਰਹੀਆਂ ਹਨ,ਕਿਉਂਕਿ ਮੀਡੀਆ ਵਿੱਚ ਬਹੁਤ ਚਸ਼ਮਦੀਦ ਗਵਾਹ ਸਾਹਮਣੇ ਆ ਚੁੱਕੇ ਹਨ,ਜਿਨ੍ਹਾਂ ਨੇ ਝੂਠ ਤੋ ਪਰਦਾ ਚੁੱਕ ਦਿੱਤਾ ਹੈ,,,ਸੋਢੀ ਦੇ ਕਤਲ ਦੀ ਵੀ ਝੂਠੀ ਕਹਾਣੀ ਬਣਾਈ ਗਈ ਸੀ ਕੇ ਬਲਜੀਤ ਕੌਰ ਲੌਂਗੋਵਾਲ ਦੇ ਕਹਿਣ ਤੇ ਭਿੰਡਰਾਵਾਲੇ ਨੂੰ ਮਾਰਨ ਆਈ ਸੀ,,ਅਗਰ ਉਸਨੇ ਮਾਰਨਾ ਹੁੰਦਾ ਤਾ ਪਿਸਟਲ ਉੱਪਰ ਕਰਕੇ ਲਹਿਰਾਉਦੀ-੨ ਆਉਣ ਦੀ ਕੀ ਲੋੜ ਸੀ ???

ਉਸਤੋਂ ਬਾਅਦ ਬਲਜੀਤ ਕੌਰ ਨੂੰ ਕਮਰੇ ਵਿੱਚ ਬੰਦ ਕਰਕੇ ਹੱਥ ਪੈਰ ਬੰਨਕੇ ਭਿੰਡਰਾਂਵਾਲੇ ਦੇ ਸਾਹਮਣੇ ਅੰਨਾ ਤਸ਼ੱਦਦ ਕਰਨਾ,ਛਾਤੀਆਂ ਤੇ ਗੁਪਤ ਅੰਗਾਂ ਨੂੰ ਗਰਮ ਸਰੀਆ ਨਾਲ ਪਾੜ ਦੇਣਾ,,,ਜ਼ੁਲਮ ਕਰਕੇ ਟੁਕੜੇ-੨ ਕਰਕੇ ਬਾਹਰ ਸੁੱਟ ਆਉਣਾ,,,ਇਹ ਕਿਹੋ ਜਿਹੀ ਤੇ ਕਿਹੜੇ ਮਕਸਦ ਨੂੰ ਲੈਕੇ ਇਹ ਜੰਗ ਲੜੀ ਜਾ ਰਹੀ ਸੀ! ਦਸ ਨੰਬਰੀਏ,ਲੁਟੇਰਿਆਂ,ਬਲੈਕੀਆ ਤੇ ਕਾਤਲਾਂ ਨੇ ਪੁਲਿਸ ਤੋ ਬਚਣ ਲਈ ਗੁਰੂ ਰਾਮਦਾਸ ਸਰਾਂ ਵਿੱਚ ਠਿਕਾਣੇ ਬਣਾ ਰੱਖੇ ਸੀ,,,,ਲੁੱਟਾਂ ਖੋਹਾਂ ਤੇ ਕਤਲਾ ਦੀਆ ਵਾਰਦਾਤਾਂ ਕਰਕੇ ਦਰਬਾਰ ਸਾਹਿਬ ਚ ਲੁਕ ਜਾਂਦੇ ਸਨ,,,ਸੱਚ ਤਾਂ ਇਹ ਹੈ ਕੇ ਪੰਜਾਬ ਖਾਸ ਕਰਕੇ ਸਿੱਖਾਂ ਦੀ ਬਰਬਾਦੀ ਦਾ ਦੂਜਾ ਨਾਮ ਭਿੰਡਰਾਵਾਲਾ ਹੈ,,ਜਿਹੜਾ ਹੱਸਦੇ ਵੱਸਦੇ ਇੱਕ ਨੰਬਰ ਸੂਬੇ ਨੂੰ 50 ਸਾਲ ਪਿੱਛੇ ਪਾ ਗਿਆ! ਉਸਤੋਂ ਬਾਅਦ 85 ਤੋ 92 ਤੱਕ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ,ਸਿੱਖ ਨੌਜਵਾਨ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾ ਦਿੱਤੇ! ਪੁਲਿਸ ਤੇ ਸੀ ਆਰ ਪੀ ਵਾਲੇ ਵੀ ਮਾਰੇ ਗਏ! ਕੌੜੀ ਸੱਚਾਈ ਇਹ ਹੈ ਦਿੱਲੀ ਸਿੱਖ ਕਤਲੇਆਮ ਲਈ ਵੀ ਅਸਿੱਧੇ ਭਿੰਡਰਾਵਾਲਾ ਅਤੇ ਕਾਂਗਰਸ ਪਾਰਟੀ ਜਿੰਮੇਵਾਰ ਹੈ,,ਐਕਸਨ ਦਾ ਰੀਐਕਸਨ ਹੋਇਆ?? ਅੱਧੀ ਕੌਮ ਮਰਵਾਕੇ ਭਿੰਡਰਾਂਵਾਲੇ ਨੇ ਪ੍ਰਾਪਤੀ ਕੀ ਕੀਤੀ ਆ ??

ਅਸੀਂ ਵੀ ਉਸ ਸਮੇਂ ਕਾਲਜ ਟਾਈਮ ਭਿੰਡਰਾਂਵਾਲੇ ਦੇ ਫੁੱਲ ਸੁਪੋਟਰ ਹੁੰਦੇ ਸੀ,ਆਈਡਲ ਮੰਨਦੇ ਸੀ ,,,ਕਾਲਜ ਟਾਈਮ ਉਮਰ ਇਹੋ ਜਿਹੀ ਹੁੰਦੀ ਆ ਕੇ ਇਨਸਾਨ ਜਜ਼ਬਾਤਾ ਚ ਆ ਜਾਂਦਾ,ਫੈਡਰੇਸ਼ਨ ਵਿੱਚ ਪੂਰੇ ਸਰਗਰਮ ਰਹਿੰਦੇ ਸੀ,,,ਪਰੰਤੂ ਹੁਣ ਕੁਝ ਸਾਲਾਂ ਤੋਂ ਜੋ ਚਸ਼ਮਦੀਦ ਗਵਾਹਾਂ ਦਾ ਜੋ ਸੱਚ ਸਾਹਮਣੇ ਆ ਰਿਹਾ,,ਉਸਤੋ ਮੁਨਕਰ ਨਹੀਂ ਹੋਇਆ ਜਾ ਸਕਦਾ! ਨਵੀਂ ਸਿੱਖ ਨੌਜਵਾਨ ਪੀੜ੍ਹੀ ਨੂੰ ਵੀ ਕਿਸੇ ਦੇ ਬਹਿਕਾਵੇ ਚ ਆਉਣ ਦੀ ਲੋੜ ਨਹੀਂ! ਸਹੀ ਹਿਸਟਰੀ ਪੜ ਲੈਣੀ ਚਾਹੀਦੀ ਹੈ! ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨ ਲਈ ਵੱਧ ਤੋਂ ਵੱਧ ਪੜ੍ਹਾਈ ਕਰਕੇ ਕਿਸੇ ਮੁਕਾਮ ਤੇ ਪਹੁੰਚਣ ਦੀ ਲੋੜ ਆ! ਜਿਸ ਮੁਕਾਮ ਦਾ ਫ਼ਾਇਦਾ ਪੰਜਾਬ ਦੀ ਤਰੱਕੀ ਅਤੇ ਵਿਕਾਸ ਵਿੱਚ ਜ਼ਰੂਰ ਹੋਵੇਗਾ!

0ਬਾਗੀ ਕਲਮ+ਹੱਕ ਸੱਚ ਦੀ ਆਵਾਜ਼

# ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਵੱਡੀ ਖ਼ਬਰ; ਸਿੱਖਿਆ ਬੋਰਡ ਨੇ ਜਾਰੀ ਕੀਤੇ ਨਵੇਂ ਹੁਕਮ

ਚੰਡੀਗੜ੍ਹ-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 8ਵੀਂ ਤੋਂ 12ਵੀਂ ਕਲਾਸ ਤੱਕ ਵਿਦਿਆਰਥੀਆਂ ਵੱਲੋਂ ਦਾਖਲਾ ਲੈਣ ਦੀ ਮਿਤੀ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧੀ ਸਿੱਖਿਆ ਬੋਰਡ ਵੱਲੋਂ ਸਾਰੇ ਸਕੂਲਾਂ ਨੂੰ ਸੂਚਿਤ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਲੋਂ ਅਕਾਦਮਿਕ ਸਾਲ 2025-26 ਲਈ ਅੱਠਵੀਂ ਤੋਂ ਬਾਰ੍ਹਵੀਂ ਸ੍ਰੇਣੀਆਂ ਲਈ ਸਕੂਲਾਂ ਵਿੱਚ ਦਾਖਲਾ ਲੈਣ ਵਾਲੇ ਰੈਗੂਲਰ ਵਿਦਿਆਰਥੀਆਂ ਵਾਸਤੇ ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ 2025 ਨਿਰਧਾਰਿਤ ਕੀਤੀ ਜਾਂਦੀ ਹੈ।

# ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਹੇਠ ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, ਕਾਰਜਕਾਰੀ ਅਧਿਕਾਰੀ ਅਤੇ ਦੋ ਹੋਰਨਾਂ ਵਿਰੁੱਧ ਪਰਚਾ ਦਰਜ



ਚੰਡੀਗੜ੍ਹ :-ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਤਰਨਤਾਰਨ ਦੇ ਸਾਬਕਾ ਵਿਧਾਇਕ ਦੇ ਪੁੱਤਰ ਅਤੇ ਨੂੰਹ ਸਮੇਤ ਨਗਰ ਕੌਂਸਲ ਤਰਨਤਾਰਨ ਦੇ ਕਾਰਜਕਾਰੀ ਅਧਿਕਾਰੀ (ਈ.ਓ) , ਕਲਰਕ ਅਤੇ ਇੱਕ ਫਰਮ ਦੇ ਮਾਲਕ ਵਿਰੁੱਧ ਕੌਂਸਲ ਦੇ ਫੰਡਾਂ ਵਿੱਚ ਵੱਡੀ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਉਕਤ ਮੁਲਜ਼ਮ ਈ.ਓ., ਕਲਰਕ ਅਤੇ ਫਰਮ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਹੋਈ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਨੂੰ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਜਾਂਚ ਦੇ ਆਧਾਰ 'ਤੇ, ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੀ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(2) ਦੇ ਨਾਲ-ਨਾਲ 13(1) ਅਤੇ ਆਈਪੀਸੀ ਦੀ ਧਾਰਾ 409, 420, 465, 467, 468, 471, 120-ਬੀ ਦੇ ਤਹਿਤ ਐਫਆਈਆਰ ਨੰਬਰ 22, ਮਿਤੀ 02.05.20 25 ਦਰਜ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੇ ਮੁਲਜ਼ਮਾਂ ਵਿੱਚ ਸ਼ਰਨਜੀਤ ਕੌਰ, ਕਾਰਜਕਾਰੀ ਅਧਿਕਾਰੀ (ਹੁਣ ਮੁਅੱਤਲ) ਅਤੇ ਨਗਰ ਕੌਂਸਲ ਤਰਨਤਾਰਨ ਦਾ ਕਲਰਕ ਨਰਿੰਦਰ ਕੁਮਾਰ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦਾ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਅਤੇ ਉਨ੍ਹਾਂ ਦੀ ਨੂੰਹ ਜੋਤੀ ਸਚਦੇਵਾ, ਜੋ ਕਿ ਮੈਸਰਜ਼ ਐਮ.ਕੇ. ਪਦਮ ਪੈਟਰੋਲੀਅਮ ਦੀ ਮਾਲਕ ਹੈ ਅਤੇ ਨਿਊ ਪਵਨ ਨਗਰ, ਅੰਮ੍ਰਿਤਸਰ ਦਾ ਰਹਿਣ ਵਾਲਾ ਰਾਜੀਵ ਗੁਪਤਾ, ਜੋ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸਆਰ ਐਂਟਰਪ੍ਰਾਈਜ਼ਿਜ਼ ਲਿਮਟਿਡ ਦਾ ਸ਼ੇਅਰਧਾਰਕ ਹੈ, ਸ਼ਾਮਲ ਹਨ।

ਇਸ ਕੇਸ ਵਿੱਚ, ਸ਼ਰਨਜੀਤ ਕੌਰ, ਈ.ਓ. ਅਤੇ ਨਰਿੰਦਰ ਕੁਮਾਰ ਕਲਰਕ,ਦੋਵੇਂ ਨਗਰ ਕੌਂਸਲ, ਤਰਨਤਾਰਨ ਵਿਖੇ ਤਾਇਨਾਤ, ਅਤੇ ਉਕਤ ਪ੍ਰਾਈਵੇਟ ਫਰਮ ਦੇ ਮਾਲਕ ਰਾਜੀਵ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਖੁਲਾਸਾ ਕੀਤਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਕਾਰਜਕਾਰੀ ਅਧਿਕਾਰੀ ਦੁਆਰਾ 2017-2022 ਦੇ ਸਾਲਾਂ ਦੌਰਾਨ ਧੋਖਾਧੜੀ ਵਾਲੇ ਲੈਣ-ਦੇਣ ਕੀਤੇ ਗਏ ਸਨ। ਉਸਨੇ ਮੈਸਰਜ਼ ਸਿੱਧੂ ਕੰਸਟਰਕਸ਼ਨ ਕੰਪਨੀ, ਮੈਸਰਜ਼ ਬ੍ਰਦਰ ਕੰਸਟਰਕਸ਼ਨ ਕੰਪਨੀ ਅਤੇ ਮੈਸਰਜ਼ ਫਰੈਂਡਜ਼ ਐਸੋਸੀਏਸ਼ਨ ਨੂੰ ਵੱਖ-ਵੱਖ ਚੈੱਕਾਂ ਰਾਹੀਂ ਗਲਤ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦੇ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲੀਭੁਗਤ ਕਰਕੇ, ਦੋਸ਼ੀ ਈ.ਓ. ਨੇ ਉਨ੍ਹਾਂ ਦੀ ਕੰਪਨੀਆਂ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਵੀ ਜਾਅਲੀ ਭੁਗਤਾਨ ਕੀਤੇ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ, ਉਕਤ ਜਾਅਲੀ ਅਦਾਇਗੀਆਂ ਦੀ ਰਿਕਵਰੀ ਤਾਂ ਹੋ ਗਈ , ਪਰ 27,88,000 ਰੁਪਏ ਦੀ ਰਕਮ ਅਜੇ ਵੀ ਬਕਾਇਆ ਹੈ। ਜਾਂਚ ਦੌਰਾਨ ਇਹ ਵੀ ਪਾਇਆ ਗਿਆ ਕਿ ਸੰਦੀਪ ਕੁਮਾਰ ਅਗਨੀਹੋਤਰੀ ਨੂੰ ਆਪਣੀ ਪਤਨੀ ਜੋਤੀ ਸਚਦੇਵਾ ਦੀ ਮਾਲਕੀਵਾਲੇ ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਦੇ ਨਾਮ 'ਤੇ ਜਾਰੀ ਕੀਤੇ 4,41,03,086 ਰੁਪਏ ਦੇ ਜਾਅਲੀ ਭੁਗਤਾਨ ਵੀ ਪ੍ਰਾਪਤ ਕੀਤੇ ਸਨ। ਬਾਅਦ ਵਿੱਚ, ਸੰਦੀਪ ਅਗਨੀਹੋਤਰੀ ਨੇ ਇਸ ਜਾਅਲੀ ਅਦਾਇਗੀ ਦਾ ਕੁਝ ਹਿੱਸਾ ਨਗਰ ਕੌਂਸਲ ਤਰਨਤਾਰਨ ਦੇ ਖਾਤਿਆਂ ਵਿੱਚ ਵਾਪਸ ਜਮ੍ਹਾ ਕਰਵਾ ਦਿੱਤਾ , ਪਰ 35,45,404 ਰੁਪਏ ਅਜੇ ਵੀ ਬਕਾਇਆ ਹਨ। ਬਕਾਇਆ ਬਿੱਲਾਂ ਦੇ ਆਂਸ਼ਿਕ ਅਦਾਇਗੀ ਤੋਂ ਬਾਅਦ, ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਵੱਲ ਕੁੱਲ 1,05,30,628 ਰੁਪਏ ਦੀ ਬਕਾਇਆ ਰਕਮ ਪਾਈ ਗਈ। ਇਸ ਤੋਂ ਇਲਾਵਾ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ, ਪੰਜਾਬ ਵੱਲੋਂ ਪ੍ਰਦਾਨ ਕੀਤੀ ਗਈ ਵਿਭਾਗੀ ਨਿਰੀਖਣ ਰਿਪੋਰਟ ਦੇ ਅਨੁਸਾਰ, ਈ.ਓ. ਸ਼ਰਨਜੀਤ ਕੌਰ ਨੇ ਕਲਰਕ ਰਾਜੀਵ ਕੁਮਾਰ, (ਹੁਣ ਮ੍ਰਿਤਕ), ਜੋ ਕਿ ਉਸਦੇ ਦਫ਼ਤਰ ਵਿਖੇ ਤਾਇਨਾਤ ਸੀ ਅਤੇ ਉਕਤ ਕਲਰਕ ਨਰਿੰਦਰ ਕੁਮਾਰ , ਨੂੰ ਬਿਨਾਂ ਕਿਸੇ ਬਿੱਲ ਜਾਂ ਵਰਕ ਆਰਡਰ ਦੇ ਭੁਗਤਾਨ ਜਾਰੀ ਕੀਤੇ ਸਨ।

ਤੱਥਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਈਓ ਸ਼ਰਨਜੀਤ ਕੌਰ ਨੇ ਉਕਤ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲ ਕੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਉਸ ਦੀਆਂ ਫਰਜ਼ੀ ਫਰਮਾਂ ਮੈਸਰਜ਼ ਸ਼ਾਰਪ ਫੌਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਗੈਰ-ਕਾਨੂੰਨੀ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਇਹ ਵੀ ਪਾਇਆ ਗਿਆ ਕਿ 14,61,980 ਰੁਪਏ, 3,25,000 ਰੁਪਏ ਅਤੇ 2,09,400 ਰੁਪਏ ਦੀ ਅਦਾਇਗੀ ਬਿਨਾਂ ਕਿਸੇ ਟੈਂਡਰ ਜਾਂ ਕੋਟੇਸ਼ਨ ਦੇ ਵੱਖ-ਵੱਖ ਫਰਮਾਂ ਨੂੰ ਕੀਤੀ ਗਈ ਸੀ।

# ਆਈ ਈ ਏ ਟੀ ਅਧਿਆਪਕਾਂ ਨੇ ਐਸਡੀਐਮ ਫਿਲੌਰ ਨੂੰ ਸੌਂਪਿਆ ਮੰਗ ਪੱਤਰ, ਕਿਹਾ- ਸੀਐਮ ਮਾਨ ਦਾ 4 ਮਈ ਨੂੰ ਕਰਾਂਗੇ ਵਿਰੋਧ



ਆਈ ਈ ਏ ਟੀ ਅਧਿਆਪਕਾਂ ਨਾਲ ਕੀਤੇ ਵਾਅਦੇ ਤੋਂ ਸਰਕਾਰ ਮੁੱਕਰ ਰਹੀ ਹੈ ਅਤੇ ਮੀਟਿੰਗਾਂ ਦੇਣ ਤੋਂ ਬਾਅਦ ਵੀ ਯੂਨੀਅਨ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਜਿਸ ਕਾਰਨ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਪਿੰਡ ਧਨੀ ਅਤੇ ਪਿੰਡ ਲਖਣਪਾਲ ਤਹਿਸੀਲ ਫਿਲੌਰ, ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦਾ 04 ਮਈ ਨੂੰ ਪ੍ਰੋਗਰਾਮ ਹੈ।

ਯੂਨੀਅਨ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਮੁੱਖ ਮੰਤਰੀ ਨੂੰ ਕਾਲੇ ਝੰਡੇ ਦਿਖਾਏ ਜਾਣਗੇ ਅਤੇ ਪ੍ਰੋਗਰਾਮ ਦੇ ਦੌਰਾਨ ਨਾਅਰੇਬਾਜ਼ੀ ਕੀਤੇ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਆਈ. ਈ. ਏ ਟੀ ਅਧਿਆਪਕ ਸਾਥੀਆਂ ਨੂੰ ਪਹੁੰਚਣਗੇ। ਇਹ ਜਾਣਕਾਰੀ ਸਟੇਟ ਪ੍ਰਧਾਨ ਗੁਰਲਾਲ ਸਿੰਘ ਟੂਰ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸਾਹਿਬਾਨ ਪ੍ਰਧਾਨ ਤਰਨਦੀਪ ਸਿੰਘ ਅਤੇ ਰਾਕੇਸ਼ ਕੁਮਾਰ ਨੇ ਦਿੱਤੀ।

ਇਸ ਸਬੰਧੀ ਐਸਡੀਐਮ ਫਿਲੌਰ ਨੂੰ ਦਿੱਤਾ ਗਿਆ, ਜਿਸ ਵਿੱਚ ਮੈਡਮ ਕਸ਼ਮੀਰ ਕੌਰ ਤੇ ਮੈਡਮ ਬਲਜਿੰਦਰ ਕੌਰ ਫਿਲੌਰ ਹਜ਼ਾਰ ਸਨ।

# ਵਿਜੀਲੈਂਸ ਵਿਭਾਗ ਨੇ ਏ ਐਸ ਆਈ 15000 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਕੀਤਾ ਕਾਬੂ




ਚੰਡੀਗੜ੍ਹ–
–ਪੰਜਾਬ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਜ਼ੀਰੋ ਸਹਿਣਸ਼ੀਲਤਾ ਨੀਤੀ ਤਹਿਤ, ਪੁਲਿਸ ਕਮਿਸ਼ਨਰੇਟ ਜਲੰਧਰ ਦੇ ਥਾਣਾ ਡਿਵੀਜ਼ਨ ਨੰ. 8 ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਸੰਜੇ ਕੁਮਾਰ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜਲੰਧਰ ਦੇ ਪਿੰਡ ਰੇਰੂ ਦੇ ਵਸਨੀਕ ਦੀ ਸ਼ਿਕਾਇਤ ਦੇ ਆਧਾਰ ‘ਤੇ ਕੀਤੀ ਗਈ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਸ ਦੇ ਪੁੱਤਰ, ਜਿਸ ਵਿਰੁੱਧ ਉਕਤ ਥਾਣੇ ਵਿੱਚ ਪੁਲਿਸ ਕੇਸ ਦਰਜ ਸੀ, ਨੂੰ ਕਥਿਤ ਤੌਰ ‘ਤੇ ਪਨਾਹ ਦੇਣ ਦੇ ਮਾਮਲੇ ਵਿੱਚ ਬੀ.ਐਨ.ਐਸ. ਦੀ ਧਾਰਾ 249 ਤਹਿਤ ਉਸ ਦਾ ਨਾਂ ਦੁਬਾਰਾ ਨਾਮਜ਼ਦ ਕਰਨ ਦੀ ਧਮਕੀ ਦੇ ਕੇ ਉਕਤ ਪੁਲਿਸ ਮੁਲਾਜ਼ਮ ਨੇ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਸ਼ਿਕਾਇਤਕਰਤਾ ਦਾ ਨਾਮ ਪਹਿਲਾਂ ਉਸਦੇ ਪੁੱਤਰ ਨੂੰ ਪਨਾਹ ਦੇਣ ਕਰਕੇ ਐਫ.ਆਈ.ਆਰ. ਵਿੱਚ ਸ਼ਾਮਲ ਕੀਤਾ ਗਿਆ ਸੀ ਪਰ ਬਾਅਦ ਵਿੱਚ ਪੁਲਿਸ ਜਾਂਚ ਉਪਰੰਤ ਉਸ ਦਾ ਨਾਂ ਕੱਢ ਦਿੱਤਾ ਗਿਆ ਸੀ ਪਰ ਉਕਤ ਏ.ਐਸ.ਆਈ. ਸ਼ਿਕਾਇਤਕਰਤਾ ਨੂੰ ਉਸੇ ਮਾਮਲੇ ਵਿੱਚ ਬੀ.ਐਨ.ਐਸ. ਦੀ ਧਾਰਾ 249 ਤਹਿਤ ਦੁਬਾਰਾ ਨਾਮਜ਼ਦ ਕਰਨ ਦੀ ਧਮਕੀ ਦੇ ਕੇ ਰਿਸ਼ਵਤ ਮੰਗ ਰਿਹਾ ਸੀ।

ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਏ.ਐਸ.ਆਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਤੇ ਬੀ.ਐਨ.ਐਸ. ਦੀ ਧਾਰਾ 308 (2) ਤਹਿਤ ਥਾਣਾ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਭੂਚਾਲ ਦੇ ਲੱਗੇ ਜ਼ਬਰਦਸਤ ਝਟਕੇ ! ਸੁਨਾਮੀ ਦਾ ਖ਼ਤਰਾ- ਮੱਚ ਗਈ ਤਬਾਹੀ



ਦੱਖਣੀ ਅਮਰੀਕੀ ਦੇਸ਼ਾਂ ਅਰਜਨਟੀਨਾ ਅਤੇ ਚਿਲੀ ਦੇ ਤੱਟ ਨੇੜੇ ਸ਼ੁੱਕਰਵਾਰ ਨੂੰ ਆਏ ਤੇਜ਼ ਭੂਚਾਲ ਕਾਰਨ ਧਰਤੀ ਹਿੱਲ ਗਈ। ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ ‘ਤੇ 7.4 ਮਾਪੀ ਗਈ। ਭੂਚਾਲ ਦੀ ਤੀਬਰਤਾ ਨੂੰ ਦੇਖਦੇ ਹੋਏ, ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।

ਭੂਚਾਲ ਦੇ ਤੇਜ਼ ਝਟਕਿਆਂ ਨੇ ਲੋਕਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ। ਲੋਕ ਆਪਣੇ ਘਰਾਂ ਤੋਂ ਬਾਹਰ ਖੁੱਲ੍ਹੇ ਅਸਮਾਨ ਵੱਲ ਭੱਜਣ ਲੱਗੇ। ਅਮਰੀਕੀ ਭੂ-ਵਿਗਿਆਨ ਸਰਵੇਖਣ ( ”♥7♥) ਦੇ ਅਨੁਸਾਰ, ਭੂਚਾਲ ਦਾ ਕੇਂਦਰ ਚਿਲੀ ਅਤੇ ਅਰਜਨਟੀਨਾ ਦੇ ਦੱਖਣੀ ਤੱਟਾਂ ਦੇ ਨੇੜੇ ਸਮੁੰਦਰ ਵਿੱਚ ਸੀ। ਭੂਚਾਲ ਦੇ ਮੱਦੇਨਜ਼ਰ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

# ਜਲ ਸਰੋਤਾਂ ਵਾਰੇ ਨੁੱਕੜ ਨਾਟਕ ਕਰਵਾਇਆ ਗਿਆ



ਚੰਡੀਗੜ੍ਹ। ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਐੱਮ.ਡੀ.ਏ.ਵੀ. ਭਵਨ, ਦਰਿਆ, ਚੰਡੀਗੜ੍ਹ ਨੇ ਵਾਤਾਵਰਣ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਜਲ ਸਰੋਤ ਦਿਵਸ ਦੇ ਮੌਕੇ ’ਤੇ ਨੁੱਕੜ ਨਾਟਕ ਦਾ ਆਯੋਜਨ ਕੀਤਾ। ਇਹ ਸਕਿੱਟ ਦਰਿਆ ਪਿੰਡ ਤੇ ਪੇਸ਼ ਕੀਤੀ ਗਈ। ਵਿਦਿਆਰਥੀਆਂ ਨੇ ਸੰਦੇਸ਼ ਦਿੱਤਾ ਕਿ ਧਰਤੀ ਦੇ ਸਾਰੇ ਜੀਵਾਂ ਲਈ ਪਾਣੀ ਇੱਕ ਜ਼ਰੂਰੀ ਸਰੋਤ ਹੈ। ਪੀਣ ਵਾਲੇ ਸਾਫ਼ ਪਾਣੀ ਦੀ ਮਾਤਰਾ ਲਗਾਤਾਰ ਘਟਦੀ ਜਾ ਰਹੀ ਹੈ। ਸੁੱਕੇ ਇਲਾਕਿਆਂ ਦੇ ਲੋਕਾਂ ਨੂੰ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਣੀ ਦੇ ਫਾਲਤੂ ਵਹਾਅ ਅਤੇ ਜਲਘਰਾਂ ਵਿੱਚ ਕੂੜਾ ਸੁੱਟਣ ਨਾਲ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਹਰ ਸਾਲ ਪਾਣੀ ਦੀ ਘਾਟ ਕਾਰਨ ਅਣਗਿਣਤ ਜਾਨਵਰ, ਪੰਛੀ ਅਤੇ ਇਨਸਾਨ ਮਰ ਜਾਂਦੇ ਹਨ। ਪਾਣੀ ਦੇ ਭੰਡਾਰਾਂ ਨੂੰ ਸੰਭਾਲਣਾ ਜ਼ਰੂਰੀ ਹੈ। ਵਾਤਾਵਰਨ ਨੂੰ ਸ਼ੁੱਧ ਰੱਖਣ ਵਿੱਚ ਜੰਗਲ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਪਾਣੀ ਨੂੰ ਸ਼ੁੱਧ ਰੱਖਣ ਵਿੱਚ ਯੋਗਦਾਨ ਪਾਉਂਦੇ ਹਨ, ਇਸ ਲਈ ਰੁੱਖ ਲਗਾਉਣੇ ਚਾਹੀਦੇ ਹਨ। ਆਬਾਦੀ ਵਧਣ ਕਾਰਨ ਮਨੁੱਖ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਵਿਸ਼ਵ ਵਿੱਚ ਪ੍ਰਦੂਸ਼ਿਤ ਪਾਣੀ ਦੇ ਸੋਮਿਆਂ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਪਾਣੀ ਦੀ ਹਰ ਬੂੰਦ ਅਨਮੋਲ ਹੈ। ਵਿਦਿਆਰਥੀਆਂ ਨੇ ਗੰਦੇ ਪਾਣੀ ਦੀ ਸਹੀ ਵਰਤੋਂ ਬਾਰੇ ਵੀ ਦੱਸਿਆ। ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜੂ ਮੌਦਗਿਲ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ। ਪਿ੍ਰੰਸੀਪਲ ਡਾ: ਵਿਨੋਦ ਕੁਮਾਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਮੰਤਵ ਜਲ ਸਰੋਤਾਂ ਨੂੰ ਸਾਫ਼ ਸੁਥਰਾ ਰੱਖਣ ਅਤੇ ਸੁਰੱਖਿਅਤ ਰੱਖਣ ਦੀ ਮਹੱਤਤਾ ਬਾਰੇ ਜਾਣਕਾਰੀ ਦੇਣਾ ਸੀ।

# ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਹੇਠ ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, ਕਾਰਜਕਾਰੀ ਅਧਿਕਾਰੀ ਅਤੇ ਦੋ ਹੋਰਨਾਂ ਵਿਰੁੱਧ ਪਰਚਾ



ਨਵੀਂ ਦਿੱਲੀ-ਕਿਸਾਨ ਆਗੂ ਰਾਕੇਸ਼ ਟਿਕੈਤ ਤੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਭੀੜ ਨੇ ਨਾ ਸਿਰਫ਼ ਟਿਕੈਤ ਨਾਲ ਧੱਕਾਮੁੱਕੀ ਕੀਤੀ, ਸਗੋਂ ਉਨ੍ਹਾਂ ਦੀ ਪੱਗ ਵੀ ਲਾਹ ਦਿੱਤੀ ਗਈ।

ਇਹ ਪੂਰੀ ਘਟਨਾ ਕੈਮਰੇ ਵਿੱਚ ਕੈਦ ਹੋ ਗਈ ਅਤੇ ਹੁਣ ਇਸਦੀ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਹੀ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਰਾਕੇਸ਼ ਟਿਕੈਤ ਭੀੜ ਦੇ ਸਾਹਮਣੇ ਖੜ੍ਹਾ ਹੈ ਅਤੇ ਲੋਕ ਉਸਦਾ ਵਿਰੋਧ ਕਰ ਰਹੇ ਹਨ। ਇਸ ਦੌਰਾਨ ਕੁਝ ਲੋਕਾਂ ਨੇ ਉਸਦੀ ਪੱਗ ਉਤਾਰ ਦਿੱਤੀ।

ਇਹ ਘਟਨਾ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਦੀ ਹੈ, ਜਿੱਥੇ ਪਹਿਲਗਾਮ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਅੱਜ ਸ਼ਹਿਰ ਬੰਦ ਰਿਹਾ। ਹਿੰਦੂ ਸੰਗਠਨਾਂ ਵੱਲੋਂ ਇੱਕ ਜਲੂਸ ਕੱਢਿਆ ਗਿਆ, ਜਿਸ ਤੋਂ ਬਾਅਦ ਇੱਕ ਮੀਟਿੰਗ ਕੀਤੀ ਗਈ।

ਕਿਸਾਨ ਆਗੂ ਰਾਕੇਸ਼ ਟਿਕੈਤ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ, ਪਰ ਉਨ੍ਹਾਂ ਦਾ ਵਿਰੋਧ ਉੱਥੋਂ ਹੀ ਸ਼ੁਰੂ ਹੋ ਗਿਆ। ਵਿਰੋਧ ਪ੍ਰਦਰਸ਼ਨ ਦੌਰਾਨ, ਉਸਨੂੰ ਧੱਕਾ ਦਿੱਤਾ ਗਿਆ ਅਤੇ ਉਸਦੀ ਪੱਗ ਉਤਾਰ ਦਿੱਤੀ ਗਈ। ਹਾਲਾਂਕਿ, ਟਿਕੈਤ ਨੇ ਦੁਬਾਰਾ ਪੱਗ ਬੰਨ੍ਹ ਲਈ ਅਤੇ ਪ੍ਰਦਰਸ਼ਨਕਾਰੀਆਂ ਨਾਲ ਤਿੱਖੀ ਬਹਿਸ ਹੋਈ।

ਦੱਸਿਆ ਜਾ ਰਿਹਾ ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ ਰਾਕੇਸ਼ ਟਿਕੈਤ ਵੱਲੋਂ ਦਿੱਤੇ ਗਏ ਇੱਕ ਬਿਆਨ ਤੋਂ ਬਹੁਤ ਸਾਰੇ ਲੋਕ ਨਾਰਾਜ਼ ਸਨ। ਜਿਵੇਂ ਹੀ ਉਸਨੇ ਇਸ ਰੈਲੀ ਵਿੱਚ ਹਿੱਸਾ ਲਿਆ, ਲੋਕ ਗੁੱਸੇ ਵਿੱਚ ਆ ਗਏ ਅਤੇ ਉਸਨੂੰ ਵਾਪਸ ਜਾਣ ਲਈ ਕਹਿਣ ਲੱਗੇ।

ਜਿਵੇਂ ਹੀ ਟਿਕੈਤ ਸਟੇਜ ਵੱਲ ਵਧਿਆ, ਹੰਗਾਮਾ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇੱਕ ਵਿਅਕਤੀ ਨੇ ਉਸ ‘ਤੇ ਝੰਡੇ ਨਾਲ ਹਮਲਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਪ੍ਰਦਰਸ਼ਨਕਾਰੀ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਸਮਰਥਨ ਵਿੱਚ ਨਾਅਰੇਬਾਜ਼ੀ ਵੀ ਕੀਤੀ। ਹਾਲਾਂਕਿ, ਉੱਥੇ ਮੌਜੂਦ ਲੋਕਾਂ ਅਤੇ ਪੁਲਿਸ ਨੇ ਰਾਕੇਸ਼ ਟਿਕੈਤ ਨੂੰ ਸੁਰੱਖਿਅਤ ਬਾਹਰ ਕੱਢ ਲਿਆ।

ਰਾਕੇਸ਼ ਟਿਕੈਤ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇੱਕ ਵਿਵਾਦਪੂਰਨ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ, ਇਸ ਘਟਨਾ ਤੋਂ ਕਿਸਨੂੰ ਫਾਇਦਾ ਹੋ ਰਿਹਾ ਹੈ ? ਚੋਰ ਤੁਹਾਡੇ ਵਿੱਚ ਹੈ, ਪਾਕਿਸਤਾਨ ਵਿੱਚ ਨਹੀਂ। ਜੋ ਵੀ ਹਿੰਦੂ-ਮੁਸਲਿਮ ਮੁੱਦਾ ਪੈਦਾ ਕਰ ਰਿਹਾ ਹੈ, ਸਿਰਫ਼ ਉਸ ਕੋਲ ਹੀ ਜਵਾਬ ਹੈ।' ਉਨ੍ਹਾਂ ਦੇ ਬਿਆਨ ਤੋਂ ਬਾਅਦ ਵਿਆਪਕ ਵਿਰੋਧ ਹੋਇਆ।

22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਇੱਕ ਅੱਤਵਾਦੀ ਹਮਲਾ ਹੋਇਆ ਸੀ, ਜਿਸ ਵਿੱਚ 26 ਲੋਕਾਂ ਦੀ ਜਾਨ ਚਲੀ ਗਈ ਸੀ। ਮਾਰੇ ਗਏ ਲੋਕਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਇਸ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿੱਚ ਕਾਫ਼ੀ ਤਣਾਅ ਪੈਦਾ ਹੋ ਗਿਆ ਹੈ। ਇਸ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਇਹ ਹਮਲਾ ਭਾਰਤ ਦੀ ਆਤਮਾ ‘ਤੇ ਹਮਲਾ ਕਰਨ ਦੀ ਹਿੰਮਤ ਹੈ ਅਤੇ ਇਸਦਾ ਜਵਾਬ ਜ਼ਰੂਰ ਦਿੱਤਾ ਜਾਵੇਗਾ।

# ਪਹਿਲਗਾਮ ਦੇ ਨਿਰਦੋਸ਼ ਸੈਲਾਨੀਆਂ ਨੂੰ ਸਮਰਪਿਤ ਲਗਾਇਆ ਖ਼ੂਨਦਾਨ ਕੈਂਪ

ਫਗਵਾੜਾ-(ਸੁਸ਼ੀਲ ਸ਼ਰਮਾ )ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਵਲੋਂ ਨਿਰਦੋਸ਼ ਸੈਲਾਨੀਆਂ ਦੇ ਕਤਲ ਦੇ ਵਿਰੋਧ ਅਤੇ ਉਹਨਾਂ ਦੀ ਆਤਮਿਕ ਸ਼ਾਂਤੀ ਦੇ ਸਬੰਧ ਵਿੱਚ ਖ਼ੂਨਦਾਨ ਸਿਰਮੌਰ ਸੰਸਥਾ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ( ਰਜ਼ਿ.) ਫਗਵਾੜਾ ਵਲੋਂ ਕਲੱਬ ਕਬਾਨਾ ਦੇ ਮੈਨੇਜਮੈਂਟ ਅਤੇ ਸਟਾਫ ਦੀ ਮਦਦ ਨਾਲ ਇੱਕ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ । ਹੋਟਲ ਉਪ ਪ੍ਰਧਾਨ ਜੋਤੀ ਸਿੰਘ ਅਤੇ ਕਲੱਬ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਦੀ ਅਗਵਾਈ ਵਿੱਚ ਆਯੋਜਿਤ ਇਸ ਕੈਂਪ ਦਾ ਉਦਘਾਟਨ ਕਰਦਿਆਂ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਤਵਾਦ ਮਾਨਵਤਾ ਲਈ ਬਹੁਤ ਵੱਡੀ ਚੁਣੌਤੀ ਹੈ । ਕੁਦਰਤ ਦੇ ਇੰਨੇ ਨਜ਼ਦੀਕ ਸਥਾਨ ਤੇ ਅੱਤਵਾਦ ਦੀ ਇਹ ਘਟਨਾ ਜਿੰਨੀ ਨਿੰਦੀ ਜਾਵੇ ਉਨੀ ਘੱਟ ਹੈ । ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਅੱਤਵਾਦੀਆਂ ਨੇ ਨਿਰਦੋਸ਼ ਲੋਕਾਂ ਦਾ ਖ਼ੂਨ ਡੋਲਕੇ ਘਰਾਂ ਵਿੱਚ ਹਨੇਰਾ ਕੀਤਾ ਹੈ ਪ੍ਰੰਤੂ ਕੈਂਪ ਰਾਹੀ ਦਾਨ ਕੀਤਾ ਗਿਆ ਖ਼ੂਨ ਲੋਕਾਂ ਦੀ ਜਾਨ ਬਚਾਕੇ ਘਰਾਂ ਵਿੱਚ ਖੁਸ਼ੀਆਂ ਲੈ ਕੇ ਆਵੇਗਾ ।ਹੋਟਲ ਉਪ ਪ੍ਰਧਾਨ ਜੋਤੀ ਸਿੰਘ ਅਤੇ ਡਾਇਰੈਕਟਰ ਬਿਜਨੈਸ ਡਿਵੈਲਪਮੈਂਟ ਨੀਲਮ ਪਨਵਰ ਨੇ ਕਿਹਾ ਕਿ ਹੋਟਲ ਸਟਾਫ ਸਮਾਜ ਸੇਵੀ ਕੰਮਾਂ ਸੁਹਿਰਦ ਸੋਚ ਰੱਖਦਾ ਹੈ ਅਤੇ ਰੁੱਖ ਲਗਾਉਣ ਅਤੇ ਪਾਣੀ ਦੀ ਬੱਚਤ ਵਰਗੇ ਵਾਤਾਵਰਣੀ ਵਿਸ਼ਿਆਂ ਲਈ ਆਪਣਾ ਯੋਗਦਾਨ ਪਾਉਂਦਾ ਰਹਿੰਦਾ ਹੈ । ਇਸ ਕੈਂਪ ਵਿੱਚ 40 ਖ਼ੂਨਦਾਨੀਆਂ ਨੇ ਖ਼ੂਨਦਾਨ ਕਰਕੇ ਆਪਣਾ ਸਮਾਜਿਕ ਫਰਜ਼ ਅਦਾ ਕੀਤਾ । ਕਲੱਬ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਅਤੇ ਸਕੱਤਰ ਵਿਤਿਨ ਪੁਰੀ ਨੇ ਕਿਹਾ ਕਿ ਬਲੱਡ ਬੈਂਕਾਂ ਦਾ ਬਫਰ ਸਟਾਕ ਬਣਾਏ ਰੱਖਣ ਲਈ ਕਲੱਬ ਦੀ ਨਿਰੰਤਰ ਕੋਸ਼ਿਸ਼ ਰਹਿੰਦੀ ਹੈ ਤਾਂਕਿ ਅਨਮੋਲ ਜ਼ਿੰਦਗੀਆਂ ਨੂੰ ਬਚਾਉਣ ਵਿੱਚ ਮਦਦ ਮਿਲ ਸਕੇ । ਪ੍ਰੋਜੈਕਟ ਡਾਇਰੈਕੇਟਰ ਮੈਹਮ ਨੀਤੂ ਬਾਲਾ ਅਤੇ ਡਾ. ਅੰਜੂ ਸ਼ਰਮਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਸਹਿਯੋਗ ਦੀ ਅਪੀਲ ਕੀਤੀ । ਇਸ ਮੌਕੇ ਸਾਬਕਾ ਪ੍ਰਧਾਨ ਵਿਕਰਮ ਗੁਪਤਾ, ਦਲਜੀਤ ਸਿੰਘ, ਸੰਦੀਪ, ਪ੍ਰੀਤੀ ਵਰਮਾ, ਦੀਪਕ, ਸੁਨੀਲ ਜਸਵਾਲ, ਜਤਿਨ ਮੱਟੂ, ਕਮਲ ਧਾਲੀਵਾਲ. ਹਨੀ ਧਾਲੀਵਾਲ. ਭਾਜਪਾ ਨੇਤਾ ਸ਼ਿਵਰੰਜਨ ਦੁੱਗਲ, ਜੁਗਨੂ ਸ਼ਰਮਾ, ਜਸਮੀਤ ਕੌਰ, ਹੈਲਥ ਕਲੱਬ ਮੈਨੇਜਰ ਬੋਧ ਰਾਜ, ਦੀਪੂ ਮਿਡਲੈਂਡ ਅਤੇ ਗਗਨ ਰਾਜ ਪੁਰੋਹਿਤ ਹਾਜ਼ਰ ਸਨ ।







# ਹਰ ਸ਼ੁੱਕਰਵਾਰ ਡੈਂਗੂ ਤੇ ਵਾਰ ਮੁਹਿੰਮ ਤਹਿਤ ਡੇਂਗੂ ਤੋਂ ਬਚਾਅ ਸੰਬੰਧੀ ਕੀਤਾ ਜਾਗਰੂਕ



ਫਗਵਾੜਾ ( ਸੁਸ਼ੀਲ ਸ਼ਰਮਾ ) ਸਿਵਲ ਸਰਜਨ ਕਪੂਰਥਲਾ ਡਾ ਰਾਜੀਵ ਪ੍ਰਾਸ਼ਰ ਦੇ ਹੁਕਮਾਂ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਨੰਦਿਕਾ ਖ਼ੁੱਲਰ ਅਤੇ ਡਾ ਨਵਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫ਼ਸਰ ਡਾ ਪ੍ਰਮਿੰਦਰ ਕੌਰ ਦੀ ਯੋਗ ਅਗਵਾਈ ਹੇਠ ਟੀਮ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ, ਬਲਿਹਾਰ ਚੰਦ, ਦੀ ਸੁੱਚਜੀ ਦੇਖਰੇਖ ਹੇਠ ਹਰ ਸ਼ੁੱਕਰਵਾਰ ਡੈਂਗੂ ਤੇ ਵਾਰ ਮੁਹਿੰਮ ਤਹਿਤ ਸਿਹਤ ਵਿਭਾਗ ਦੀ ਐਂਟੀ ਲਾਰਵਾ ਟੀਮ ਵਲੋਂ ਅੱਜ ਮੁੱਹਲਾ ਸੰਤੋਖਪੁਰਾ, ਨਿਊ ਸਤਨਾਮਪੁਰਾ, ਸੂੰਢ ਕਲੋਨੀ ਵਿਖੇ ਬ੍ਰੀਡਿੰਗ ਚੈੱਕਰਾਂ ਵਲੋਂ ਘਰ ਘਰ ਜਾ ਕੇ ਵਿਜਟ ਕੀਤਾ ਗਿਆ ਇਸ ਮੌਕੇ ਲੋਕਾਂ ਦੇ ਘਰਾਂ ਵਿੱਚ ਪਾਣੀ ਨਾਲ ਭਰੇ ਹੋਏ ਕੰਨਟੈਨਰ ਜਿਵੇਂ ਕਿ ਕੂਲਰ, ਗਮਲੇ, ਫਰਿੱਜਾਂ, ਦੀਆ ਟੈਆ ਆਦਿ ਚੈਕ ਕੀਤੀਆਂ ਗਈਆਂ ਇਸ ਮੌਕੇ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ, ਬਲਿਹਾਰ ਚੰਦ, ਹੈਲਥ ਵਰਕਰ ਲਖਵਿੰਦਰ ਸਿੰਘ, ਮਨਜਿੰਦਰ ਸਿੰਘ ਕਵਿਤਾ ਬ੍ਰੀਡਿੰਗ ਚੈਕਰ ਮੋਹਿਤ ਕੁਮਾਰ, ਗੁਰਜੀਤ ਸਿੰਘ, ਮੁਕੁਲ ਕੁਮਾਰ, ਸੁਨੀਲ ਕੁਮਾਰ, ਮਨੀ ਕੁਮਾਰ, ਸਤਵੀਰ ਸਿੰਘ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ

# ਕੇਂਦਰ ਦੇ ਪੰਜਾਬ ਵਿਰੋਧੀ ਵਤੀਰੇ ਦੀ ਪੰਜਾਬ ਚੇਤਨਾ ਮੰਚ ਵਲੋਂ ਸਖ਼ਤ ਨਿੰਦਾ







ਫਗਵਾੜਾ (ਸੁਸ਼ੀਲ ਸ਼ਰਮਾ)- ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਸਲੇ ਉੱਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਪੰਜਾਬ ਚੇਤਨਾ ਮੰਚ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਕੇਂਦਰ ਦੇ ਪੰਜਾਬ ਪ੍ਰਤੀ ਵਤੀਰੇ ਦੀ ਸਖ਼ਤ ਨਿੰਦਿਆ ਕੀਤੀ ਹੈ।

ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ,ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਜਥੇਬੰਦਕ ਸਕੱਤਰ ਗੁਰਮੀਤ ਸਿੰਘ ਪਲਾਹੀ ਵੱਲੋਂ ਇੱਥੇ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੂਰੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੂੰ ਨਾ ਸਿਰਫ਼ ਪੰਜਾਬ ਦੇ ਹੱਕਾਂ ਲਈ ਸਖ਼ਤੀ ਨਾਲ ਖੜਨਾ ਚਾਹੀਦਾ ਹੈ, ਸਗੋਂ ਪੰਜਾਬ ਵਿਧਾਨ ਸਭਾ ਦੇ ਸੋਮਵਾਰ ਨੂੰ ਹੋਣ ਵਾਲੇ ਵਿਸ਼ੇਸ਼ ਸੈਸ਼ਨ ਵਿੱਚ ਇੱਕ ਮਤਾ ਪਾਸ ਕਰਕੇ ਕੇਂਦਰ ਵੱਲੋਂ ਬਣਾਏ ਗਏ ਡੈਮ ਸੇਫ਼ਟੀ ਕਾਨੂੰਨ ਨੂੰ ਵੀ ਰੱਦ ਕਰਨਾ ਚਾਹੀਦਾ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਜਿਵੇਂ ਪਾਣੀਆਂ ਦੇ ਮਸਲੇ ਉੱਤੇ ਸਰਬ ਪਾਰਟੀ ਮੀਟਿੰਗ ਵਿੱਚ ਸਹਿਮਤੀ ਪ੍ਰਗਟਾਈ ਗਈ ਹੈ ਇਵੇਂ ਹੀ ਇੱਕ ਸਰਬ ਪਾਰਟੀ ਮੀਟਿੰਗ ਬੁਲਾ ਕੇ ਅਤੇ ਵਿਧਾਨ ਸਭਾ ਦੇ ਸੈਸ਼ਨ ਵਿੱਚ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ ਦੀ ਮੰਗ ਵੀ ਪੂਰੇ ਜ਼ੋਰ ਸ਼ੋਰ ਨਾਲ ਤੇ ਸਰਬ ਸੰਮਤੀ ਨਾਲ ਉਠਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪੰਜਾਬ ਚੇਤਨਾ ਮੰਚ ਪੰਜਾਬ ਲਈ ਖੜਨ ਵਾਲੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੀ ਪੂਰਨ ਹਮਾਇਤ ਕਰਦਾ ਹੈ।

# ਫਗਵਾੜਾ ਪੱਤਰਕਾਰ ਸੰਗਠਨ ਰਜਿ ਫਗਵਾੜਾ ਵਲੋਂ ਪਹਿਲਗਾਮ ਚ ਸੈਲਾਨੀਆਂ ਦਾ ਕਤਲ ਬੇਹੱਦ ਨਿੰਦਨਯੋਗ : ਡਾ ਰਮਨ







ਫਗਵਾੜਾ ( ਸੁਸ਼ੀਲ ਸ਼ਰਮਾ ) ਫਗਵਾੜਾ ਪੱਤਰਕਾਰ ਸੰਗਠਨ ਰਜਿ ਫਗਵਾੜਾ ਵਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਤੇ ਹੋਏ ਭਿਆਨਕ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਸੰਗਠਨ ਦੇ ਪ੍ਰਧਾਨ ਡਾ ਰਮਨ ਪ੍ਰਧਾਨ ਜਰਨਲ ਸਕੱਤਰ ਸੁਸ਼ੀਲ ਸ਼ਰਮਾ ਅਤੇ ਖਜਾਨਚੀ ਜੀਵਨ ਸੰਘਾ ਨੇ ਕਿਹਾ ਕਿ ਇਹ ਕਾਇਰਤਾਪੂਰਨ ਅੱਤਵਾਦੀ ਹਮਲਾ ਬਹੁਤ ਹੀ ਸ਼ਰਮਨਾਕ ਹੈ ਨਿਹੱਥੇ ਮਾਸੂਮ ਲੋਕਾਂ ਤੇ ਹਮਲਾ ਕਰਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਇਹ ਘਟਨਾ ਮਨੁੱਖਤਾ ਤੇ ਹਮਲਾ ਹੈ ਉਨ੍ਹਾਂ ਅੱਤਵਾਦ ਦੇ ਹਰ ਰੂਪ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਵੀ 2019 ਵਿੱਚ ਪੁਲਵਾਮਾ ਹਮਲਾ, 2016 ਵਿੱਚ ਉਰੀ ਹਮਲਾ ਹੋਇਆ ਸੀ, ਇਸ ਖੇਤਰ ਨੂੰ ਦਹਾਕਿਆਂ ਤੋਂ ਅੱਤਵਾਦੀਆਂ ਨਾਲ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ ਪ੍ਰਧਾਨ ਡਾ ਰਮਨ ਨੇ ਕਿਹਾ ਕਿ ਅਸੀਂ ਹਰ ਤਰ੍ਹਾਂ ਦੇ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ।ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣਾ ਇਹ ਦਰਸਾਉਂਦਾ ਹੈ ਕਿ ਅੱਤਵਾਦੀ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਨਹੀਂ ਚਾਹੁੰਦੇ ਤੇ ਸੈਲਾਨੀਆਂ ਦੇ ਮਨਾਂ ਵਿੱਚ ਡਰ ਬਿਠਾਉਣਾ ਚਾਹੁੰਦੇ ਹਨ। ਉਨ੍ਹਾਂ ਕੇਂਦਰ ਸਰਕਾਰ ਨੂੰ ਮਾਸੂਮ ਲੋਕਾਂ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਅਪੀਲ ਕੀਤੀ ਤਾਂ ਜੋ ਲੋਕਾਂ ਦੇ ਮਨਾਂ ਵਿੱਚੋਂ ਡਰ ਦੂਰ ਕੀਤਾ ਜਾ ਸਕੇ ਉਨ੍ਹਾਂ ਵਾਰਦਾਤ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਗੁਰਦੁਆਰਾ ਸਰਬ ਸੰਗਤ ਸਤਨਾਮਪੁਰਾ ਵਿਖੇ ਆਭਾ ਹੈਲਥ ਕਾਰਡ ਬਣਾਉਣ ਸਬੰਧੀ ਕੈਂਪ ਲਗਾ 60 ਤੋਂ ਵਧੇਰੇ ਲੋਕਾਂ ਦੇ ਕਾਰਡ ਬਣਾਏ ਗਏ

ਫਗਵਾੜਾ ( ਸੁਸ਼ੀਲ ਸ਼ਰਮਾ) ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਿਵਲ ਸਰਜਨ ਕਪੂਰਥਲਾ ਡਾ ਰਾਜੀਵ ਪ੍ਰਾਸ਼ਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਹਸਪਤਾਲ ਫਗਵਾੜਾ ਦੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਰਾਜੇਸ਼ ਚੰਦਰ ਦੀ ਯੋਗ ਅਗਵਾਈ ਅਤੇ ਮੈਡਮ ਦਲਵੀਰ ਕੌਰ ਏ ਐਨ ਐਮ ਦੀ ਸੁਚੱਜੀ ਦੇਖਰੇਖ ਹੇਠ ਸਬ ਡਵੀਜ਼ਨ ਫਗਵਾੜਾ ਨਿਵਾਸੀਆਂ ਦੀ ਸਿਹਤ ਦਾ ਰਿਕਾਰਡ ਡਿਜੀਟਲ ਰੱਖਣ ਲਈ ਆਭਾ ਆਈ.ਡੀ. (ਆਯੂਸ਼ਮਾਨ ਭਾਰਤ ਹੈਲਥ ਅਕਾਉਂਟ) ਬਣਾਉਣ ਲਈ ਵਿਸ਼ੇਸ਼ ਮੁਹਿੰਮ ਵਿੱਢੀ ਹੋਈ ਹੈ ਅਤੇ ਇਸ ਦੇ ਫਾਇਦਿਆਂ ਸਬੰਧੀ ਆਮ ਲੋਕਾਂ ਨੂੰ ਜਾਗਰੂਕਤ ਕੀਤਾ ਜਾ ਰਿਹਾ ਹੈ ਇਸੇ ਲੜੀ ਤਹਿਤ ਇੱਕ ਕੈਂਪ ਗੁਰਦੁਆਰਾ ਸਰਬ ਸੰਗਤ ਸਤਨਾਮਪੁਰਾ ਫਗਵਾੜਾ ਵਿਖੇ ਲਗਾਇਆ ਗਿਆ ਇਸ ਕੈਂਪ ਦੌਰਾਨ ਹਰਦੀਪ ਕੌਰ , ਗੁਰਜੀਤ ਕੌਰ , ਸੰਦੀਪ ਕੌਰ ਆਸ਼ਾ ਵਰਕਰਾਂ ਵਲੋਂ 60 ਤੋਂ ਵਧੇਰੇ ਲੋਕਾਂ ਦੇ ਆਭਾ ਹੈਲਥ ਕਾਰਡ ਬਣਾਏ ਗਏ ਇਸ ਸਬੰਧੀ ਗੱਲਬਾਤ ਕਰਦਿਆਂ ਮੈਡਮ ਦਲਵੀਰ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੋਈ ਵੀ ਚਾਹਵਾਨ ਵਿਅਕਤੀ ਆਪਣੇ ਮੋਬਾਇਲ ਵਿੱਚ ਪਲੇਅ ਸਟੋਰ ਤੇ ਜਾ ਕੇ ਆਭਾ ਐਪ ਨੂੰ ਆਪਣੇ ਮੋਬਾਇਲ ਵਿੱਚ ਡਾਉਨਲੋਡ ਕਰਕੇ ਆਪਣੇ ਅਧਾਰ ਨੰਬਰ ਜਾਂ ਮੋਬਾਇਲ ਨੰਬਰ ਨਾਲ ਆਯੂਸ਼ਮਾਨ ਭਾਰਤ ਹੈਲਥ ਅਕਾਉਂਟ ਬਣਾ ਸਕਦਾ ਹੈ ਉਹਨਾਂ ਕਿਹਾ ਕਿ ਆਭਾ ਆਈ.ਡੀ ਨੰਬਰ ਜਨਰੇਟ ਹੋਣ ਤੇ ਸਿਹਤ ਨਾਲ ਸਬੰਧਤ ਸਾਰੇ ਵੇਰਵੇ ਅਤੇ ਰਿਪੋਰਟਾਂ ਇੱਕ ਹੀ ਥਾਂ ਤੇ ਮੋਬਾਇਲ ਐਪਲੀਕੇਸ਼ਨ ਵਿੱਚ ਸਕੈਨ ਕਰਕੇ ਰੱਖੀਆਂ ਜਾ ਸਕਦੀਆਂ ਹਨ ਉਹਨਾਂ ਦੱਸਿਆ ਕਿ ਆਭਾ ਆਈ.ਡੀ ਵਾਲਾ ਵਿਅਕਤੀ ਜੇਕਰ ਬਿਮਾਰ ਹੋ ਜਾਵੇ ਤਾਂ ਉਸ ਨੂੰ ਆਪਣਾ ਇਲਾਜ ਕਰਾਉਣ ਲਈ ਹਸਪਤਾਲ ਜਾਣ ਮੌਕੇ ਓਪੀਡੀ ਸਲਿਪ ਬਣਾਉਣ ਲਈ ਬਹੁਤਾ ਸਮਾਂ ਲੰਬੀਆਂ ਲਾਈਨਾਂ ਵਿੱਚ ਖੜਨ ਦੀ ਜ਼ਰੂਰਤ ਨਹੀਂ ਪਵੇਗੀ ਅਤੇ ਨਾਂ ਹੀ ਆਪਣੀ ਸਿਹਤ ਦੇ ਰਿਕਾਰਡ/ਰਿਪੋਰਟਾਂ ਦੀ ਹਾਰਡ ਕਾਪੀ ਚੁੱਕਣ ਦੀ ਜ਼ਰੂਰਤ ਨਹੀਂ ਹੋਵੇਗੀ ਬਲਕਿ ਮਰੀਜ ਆਭਾ ਆਈ.ਡੀ ਨਾਲ ਸਿਹਤ ਸਬੰਧੀ ਸਾਰੀਆਂ ਰਿਪੋਰਟਾਂ ਆਪਣੇ ਡਾਕਟਰ ਨੂੰ ਦਿਖਾ ਸਕੇਗਾ ਇਸ ਨਾਲ ਪੁਰਾਣਾ ਰਿਕਾਰਡ ਦੇਖ ਕੇ ਡਾਕਟਰ ਨੂੰ ਇਲਾਜ ਕਰਨਾ ਵੀ ਸੋਖਾ ਹੋਵੇਗਾ ਉਹਨਾਂ ਕਿਹਾ ਕਿ ਸਬ ਡਵੀਜ਼ਨ ਫਗਵਾੜਾ ਅੰਦਰ ਸਰਕਾਰੀ ਹਸਪਤਾਲਾ ਵਿੱਚ ਅਜਿਹੇ ਬੈਨਰ/ਪੋਸਟਰ ਲਗਾਏ ਗਏ ਹਨ ਜਿੰਨਾ ਉੱਪਰ ਬਾਰ ਕੋਡ ਦਰਸਾਏ ਗਏ ਹਨ ਇਨ੍ਹਾਂ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣ ਆਏ ਮਰੀਜ ਇਹ ਕਾਰਡ ਬਣਾਉਣ ਦੇ ਲਾਭ ਨੂੰ ਸਮਝਦੇ ਹੋਏ ਕੋਡ ਸਕੈਨ ਐਂਡ ਸ਼ੇਅਰ ਕਰਕੇ ਆਪਣਾ ਆਭਾ ਨੰਬਰ ਜਨਰੇਟ ਕਰ ਸਕਦੇ ਹਨ ਇਸ ਮੌਕੇ ਇਲਾਕਾ ਨਿਵਾਸੀ ਮੌਜੂਦ ਸਨ



# ਵਿਦੇਸ਼ੀ ਘੁਸਪੈਠੀਆਂ ਨੂੰ ਕਾਬੂ ਕਰਨ ਲਈ ਜੰਗੀ ਪੱਧਰ 'ਤੇ ਤਲਾਸ਼ੀ ਮੁਹਿਮ ਸ਼ੁਰੂ ਕਰੇ ਪੰਜਾਬ ਸਰਕਾਰ : ਕਮਲ ਸਰੋਜ



ਫਗਵਾੜਾ ( ਸੁਸ਼ੀਲ ਸ਼ਰਮਾ ) ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਦੇਸ਼ ਭਰ ਵਿੱਚ ਜੰਗੀ ਪੱਧਰ 'ਤੇ ਚੱਲ ਰਹੀ ਬੰਗਲਾਦੇਸ਼ੀ, ਪਾਕਿਸਤਾਨੀ ਅਤੇ ਰੋਹਿੰਗਿਆ ਨਾਗਰਿਕਾਂ 'ਤੇ ਕਾਰਵਾਈ ਵਿਚਾਲੇ ਸ਼ਿਵ ਸੈਨਾ ਯੂ.ਬੀ.ਟੀ. ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੂਬੇ ਵਿੱਚ ਵਿਦੇਸ਼ੀ ਘੁਸਪੈਠੀਆਂ ਨੂੰ ਫੜਨ ਲਈ ਇੱਕ ਗੰਭੀਰ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਜਿਸ ਤਰ੍ਹਾਂ ਗੈਰ ਪੰਜਾਬੀਆਂ ਦੀ ਆਬਾਦੀ ਵਧੀ ਹੈ, ਉਸ ਨੂੰ ਦੇਖਦੇ ਹੋਏ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਬੰਗਲਾਦੇਸ਼ੀ, ਪਾਕਿਸਤਾਨੀ ਨਾਗਰਿਕ ਅਤੇ ਰੋਹਿੰਗਿਆ ਆਪਣੀ ਪਛਾਣ ਲੁਕਾ ਕੇ ਜਾਂ ਪੂਰਬੀ ਰਾਜਾਂ ਦੇ ਜਾਅਲੀ ਦਸਤਾਵੇਜ਼ ਬਣਾ ਕੇ ਇੱਥੇ ਰਹਿ ਰਹੇ ਹੋਣ। ਕਮਲ ਸਰੋਜ ਨੇ ਕਿਹਾ ਕਿ ਇਹ ਲੋਕ ਪੰਜਾਬ ਲਈ ਵੱਡਾ ਖ਼ਤਰਾ ਸਾਬਤ ਹੋ ਸਕਦੇ ਹਨ। ਪੰਜਾਬ ਪਹਿਲਾਂ ਹੀ ਗੈਂਗਸਟਰਾਂ, ਖਾਲਿਸਤਾਨੀ ਕੱਟੜਪੰਥੀਆਂ ਅਤੇ ਆਈ.ਐਸ.ਆਈ. ਦੀ ਮਾਰ ਝੱਲ ਰਿਹਾ ਹੈ। ਵਿਦੇਸ਼ੀ ਘੁਸਪੈਠੀਏ ਭਾਰਤ ਵਿਰੋਧੀ ਤਾਕਤਾਂ ਦੀ ਕਠਪੁਤਲੀਆਂ ਬਣ ਕੇ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰ ਸਕਦੇ ਹਨ। ਭਾਰਤ ਦੇ 17 ਰਾਜਾਂ ਵਿੱਚ ਲਗਭਗ ਦੋ ਕਰੋੜ ਬੰਗਲਾਦੇਸ਼ੀ ਘੁਸਪੈਠੀਆਂ ਦੇ ਵਸਣ ਸਬੰਧੀ ਇਕ ਮੀਡੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸ਼ਿਵ ਸੈਨਾ ਆਗੂ ਨੇ ਕਿਹਾ ਕਿ ਬੁੱਚੜਖਾਨਿਆਂ, ਹੱਡਾਂ ਰੋੜੀਆਂ ਅਤੇ ਧੜਾਧੜ ਖੁੱਲ ਰਹੀਆਂ ਬਿਰਿਆਨੀ ਦੀਆਂ ਦੁਕਾਨਾਂ ਆਦਿ ਤੋਂ ਇਲਾਵਾ, ਸ਼ਹਿਰਾਂ ਦੇ ਬਾਹਰੋ-ਬਾਹਰ ਨਵੀਆਂ ਵਿਕਸਤ ਹੋ ਰਹੀਆਂ ਝੁੱਗੀ-ਬਸਤੀਆਂ ਅਤੇ ਸੁਨਮਸਾਨ ਵਿਕਾਸ ਤੋਂ ਵਾਂਝੀਆਂ ਰਿਹਾਇਸ਼ੀ ਕਲੋਨੀਆਂ ਵਿੱਚ ਵਿਸ਼ੇਸ਼ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਪੰਜਾਬ ਵਿੱਚ ਅਜਿਹੇ ਅਨਸਰ ਮੌਜੂਦ ਹਨ ਜੋ ਭਾਰਤੀ ਕਲਚਰ ਤੋਂ ਨਫਰਤ ਦੀ ਭਾਵਨਾ ਅਤੇ ਵਿਦੇਸ਼ੀ ਘੁਸਪੈਠੀਆਂ ਪ੍ਰਤੀ ਨਰਮ ਰਵੱਈਆ ਰੱਖਦੇ ਹਨ। ਉਨ੍ਹਾਂ ਨੇ ਕੇਂਦਰੀ ਏਜੰਸੀਆਂ ਅਤੇ ਗ੍ਰਹਿ ਮੰਤਰਾਲੇ ਤੋਂ ਇਸ ਦਿਸ਼ਾ ਵਿੱਚ ਵਿਸ਼ੇਸ਼ ਕਦਮ ਚੁੱਕਣ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ।

# ਅਵਾਰਾ ਕੁੱਤਿਆਂ ਦੀ ਵਜ੍ਹਾ ਨਾਲ ਹੋਈ ਨੌਜਵਾਨ ਦੀ ਮੌਤ ਲਈ ਪੰਜਾਬ ਸਰਕਾਰ ਜਿੰਮੇਵਾਰ - ਕਾਂਗਰਸੀ ਆਗੂ







ਫਗਵਾੜਾ 3 ਮਈ ( ਸੁਸ਼ੀਲ ਸ਼ਰਮਾ ) ਸੀਨੀਅਰ ਕਾਂਗਰਸੀ ਆਗੂਆਂ ਨੇ ਫਗਵਾੜਾ 'ਚ ਪਿਛਲੇ ਦਿਨੀਂ ਆਵਾਰਾ ਕੁੱਤਿਆਂ ਦੀ ਵਜ੍ਹਾ ਨਾਲ ਹੋਈ ਐਨ.ਆਰ.ਆਈ. ਨੌਜਵਾਨ ਦੀ ਮੌਤ ਲਈ ਕਾਰਪੋਰੇਸ਼ਨ ਅਤੇ ਪੰਜਾਬ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਹੈ। ਅੱਜ ਇੱਥੇ ਗੱਲਬਾਤ ਕਰਦਿਆਂ ਜਿਲ੍ਹਾ ਕਾਂਗਰਸ ਸਕੱਤਰ ਕਰਮਜੀਤ ਸਿੰਘ ਬਿੱਟੂ, ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਮੀਤ ਪ੍ਰਧਾਨ ਤੁਲਸੀ ਰਾਮ ਖੋਸਲਾ ਅਤੇ ਸੰਜੀਵ ਸ਼ਰਮਾ ਟੀਟੂ ਭਗਤਪੁਰਾ ਨੇ ਕਿਹਾ ਕਿ ਚਾਹਲ ਨਗਰ ਦੇ ਵਸਨੀਕ ਇਕ ਐਨ.ਆਰ.ਆਈ. ਨੌਜਵਾਨ ਦੇ ਮੋਟਰਸਾਇਕਲ ਦਾ ਐਕਸੀਡੈਂਟ ਅਵਾਰਾ ਕੁੱਤਾ ਪਿੱਛੇ ਪੈਣ ਕਾਰਨ ਹੋਇਆ ਅਤੇ ਉਸਦੀ ਮੌਤ ਹੋ ਗਈ। ਇਸੇ ਤਰ੍ਹਾਂ ਬੀਤੇ ਦਿਨ ਕੋਟਰਾਣੀ ਦੇ ਵਸਨੀਕ ਸਾਬਕਾ ਪੰਚ ਦੀ ਪਤਨੀ ਨੂੰ ਹਲਕੀ ਕੁੱਤੀ ਨੇ ਵੱਢਿਆ ਜੋ ਸਿਵਲ ਹਸਪਤਾਲ ਫਗਵਾੜਾ 'ਚ ਦਾਖਲ ਹੈ। ਉਹਨਾਂ ਦੱਸਿਆ ਕਿ ਇਸੇ ਹਲਕੀ ਕੁੱਤੀ ਵਲੋਂ ਇਕ ਦਰਜਨ ਤੋਂ ਵੱਧ ਲੋਕਾਂ ਨੂੰ ਵੱਢਿਆ ਜਾ ਚੁੱਕਾ ਹੈ ਪਰ ਕਾਰਪੋਰੇਸ਼ਨ ਦੇ ਅਧਿਕਾਰੀ ਕੁੱਝ ਨਹੀਂ ਕਰ ਰਹੇ। ਉਹਨਾਂ ਐਨ.ਆਰ.ਆਈ. ਨੌਜਵਾਨ ਦੀ ਮੌਤ ਲਈ ਸਿੱਧੇ ਤੌਰ ਤੇ ਫਗਵਾੜਾ ਕਾਰਪੋਰੇਸ਼ਨ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਅਜਿਹੇ ਰਾਜ ਵਿੱਚ ਲੋਕ ਸੁਰੱਖਿਅਤ ਕਿਸ ਤਰ੍ਹਾਂ ਰਹਿਣਗੇ ਜਿੱਥੇ ਸਰਕਾਰ ਨੂੰ ਕੁੱਤਿਆਂ ਨਾਲ ਪਿਆਰ ਅਤੇ ਇਨਸਾਨੀ ਜ਼ਿੰਦਗੀ ਦੀ ਪਰਵਾਹ ਨਾ ਹੋਵੇ? ਕਾਂਗਰਸੀ ਆਗੂਆਂ ਨੇ ਦੱਸਿਆ ਕਿ ਕਰੀਬ ਦੋ ਮਹੀਨੇ ਪਹਿਲਾਂ ਉਹਨਾਂ ਨੇ ਅਵਾਰਾ ਕੁੱਤਿਆਂ ਦੀ ਸਮੱਸਿਆ ਸਬੰਧੀ ਡੀ.ਸੀ. ਕਪੂਰਥਲਾ ਨੂੰ ਮੰਗ ਪੱਤਰ ਵੀ ਦਿੱਤਾ ਸੀ ਅਤੇ ਅਗਾਹ ਕੀਤਾ ਸੀ ਕਿ ਜੇਕਰ ਅਵਾਰਾ ਕੁੱਤਿਆਂ ਦੀ ਵਜ੍ਹਾ ਨਾਲ ਕਿਸੇ ਦੀ ਮੌਤ ਹੋਈ ਤਾਂ ਉਸਦੇ ਲਈ ਲੋਕਲ ਪ੍ਰਸ਼ਾਸਨ ਅਤੇ ਸਰਕਾਰ ਜਿੰਮੇਵਾਰ ਹੋਣਗੇ। ਕਰਮਜੀਤ ਸਿੰਘ ਬਿੱਟੂ ਨੇ ਕਿਹਾ ਕਿ ਜੇਕਰ ਸਮਾਂ ਰਹਿੰਦੇ ਅਵਾਰਾ ਕੁੱਤਿਆਂ ਤੋਂ ਜਨਤਾ ਨੂੰ ਨਿਜਾਤ ਦੁਆਉਣ ਲਈ ਕੋਈ ਠੋਸ ਕਦਮ ਚੁੱਕਿਆ ਹੁੰਦਾ ਤਾਂ ਐਨ.ਆਰ.ਆਈ. ਨੌਜਵਾਨ ਦੀ ਕੀਮਤੀ ਜਿੰਦਗੀ ਨੂੰ ਬਚਾਇਆ ਜਾ ਸਕਦਾ ਸੀ।

# ਫਗਵਾੜਾ ਨਗਰ ਨਿਗਮ ਕੋਲ ਇੱਕ ਵੀ ਮ੍ਰਿਤਕ ਵੈਨ ਨਾ ਹੋਣਾ ਮੰਦਭਾਗੀ ਗੱਲ : ਮਨੀਸ਼ ਪ੍ਰਭਾਕਰ



ਫਗਵਾੜਾ ( ਸੁਸ਼ੀਲ ਸ਼ਰਮਾ ) ਫਗਵਾੜਾ ਨਗਰ ਨਿਗਮ ਕੋਲ ਇੱਕ ਵੀ ਮ੍ਰਿਤਕ ਵੈਨ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਲੰਬੇ ਸਮੇਂ ਤੋਂ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪ੍ਰਗਟਾਵਾ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਅਤੇ ਕੌਂਸਲਰ ਮਨੀਸ਼ ਪ੍ਰਭਾਕਰ ਨੇ ਅੱਜ ਇੱਥੇ ਗੱਲਬਾਤ ਦੌਰਾਨ ਕੀਤਾ। ਉਹਨਾਂ ਨੇ ਮੇਅਰ ਰਾਮ ਪਾਲ ਉੱਪਲ ਨੂੰ ਨਿਗਮ ਹਾਊਸ ਦੀ ਮੀਟਿੰਗ ਵਿੱਚ ਇੱਕ ਮ੍ਰਿਤਕ ਵੈਨ ਖਰੀਦਣ ਲਈ ਮਤਾ ਪਾਸ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਫਗਵਾੜਾ ਵਿੱਚ ਮੁੱਖ ਤੌਰ 'ਤੇ ਤਿੰਨ ਸ਼ਮਸ਼ਾਨਘਾਟ ਬੰਗਾ ਰੋਡ, ਹੁਸ਼ਿਆਰਪੁਰ ਰੋਡ ਅਤੇ ਹਦੀਆਬਾਦ ਵਿਖੇ ਸਥਿਤ ਹਨ। ਅੱਜਕੱਲ੍ਹ ਜ਼ਿਆਦਾਤਰ ਲੋਕ ਅੰਤਿਮ ਸੰਸਕਾਰ ਲਈ ਮ੍ਰਿਤਕ ਦੇਹ ਨੂੰ ਸ਼ਮਸ਼ਾਨਘਾਟ ਤੱਕ ਲਿਜਾਣ ਲਈ ਮ੍ਰਿਤਕ ਵੈਨ ਦੀ ਵਰਤੋਂ ਕਰਦੇ ਹਨ। ਮੰਦਭਾਗੀ ਗੱਲ ਇਹ ਹੈ ਕਿ ਫਗਵਾੜਾ ਵਿੱਚ ਸਿਰਫ਼ ਇੱਕ ਹੀ ਮ੍ਰਿਤਕ ਵੈਨ ਹੈ। ਜਿਸਦਾ ਪ੍ਰਬੰਧ ਵੀ ਇਕ ਦਾਨੀ ਸੱਜਣ ਵਲੋਂ ਲੋਕਾਂ ਦੀ ਸਹੂਲਤ ਲਈ ਕੀਤਾ ਗਿਆ ਹੈ। ਸਿਰਫ਼ ਇੱਕ ਹੀ ਗੱਡੀ ਹੋਣ ਕਾਰਨ, ਲੋਕਾਂ ਨੂੰ ਆਪਣੀ ਵਾਰੀ ਲਈ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਫਗਵਾੜਾ ਇੱਕ ਵੱਡਾ ਸ਼ਹਿਰ ਹੈ ਜੋ ਤੇਜ਼ੀ ਨਾਲ ਫੈਲ ਰਿਹਾ ਹੈ। ਨਗਰ ਨਿਗਮ ਦੇ ਗਠਨ ਤੋਂ ਬਾਅਦ ਸ਼ਹਿਰ ਦੇ ਆਲੇ-ਦੁਆਲੇ ਦੀਆਂ 14 ਪੰਚਾਇਤਾਂ ਨੂੰ ਸ਼ਾਮਲ ਕਰਨ ਦੇ ਚਲਦਿਆਂ ਸ਼ਹਿਰ ਦਾ ਖੇਤਰਫਲ ਹੋਰ ਵੀ ਵੱਡਾ ਹੋ ਗਿਆ ਹੈ। ਇਸ ਲਈ ਫਗਵਾੜਾ ਨਗਰ ਨਿਗਮ ਕੋਲ ਇੱਕ ਵੀ ਮ੍ਰਿਤਕ ਵੈਨ ਨਾ ਹੋਣਾ ਬਹੁਤ ਗੰਭੀਰ ਸਮੱਸਿਆ ਹੈ। ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਘੱਟੋ-ਘੱਟ ਤਿੰਨ ਮ੍ਰਿਤਕ ਵੈਨਾਂ ਲਈ ਗ੍ਰਾਂਟ ਜਾਰੀ ਕਰਨ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਅਤੇ ਨਿਗਮ ਕੋਲ ਮ੍ਰਿਤਕ ਵੈਨਾਂ ਖਰੀਦਣ ਲਈ ਪੈਸੇ ਨਹੀਂ ਹਨ, ਤਾਂ ਉਹ ਨਿਗਮ ਦੇ ਕੁੱਲ ਪੰਜਾਹ ਕੌਂਸਲਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਜਨਤਕ ਹਿੱਤ ਵਿੱਚ ਘੱਟੋ-ਘੱਟ ਇੱਕ ਮਹੀਨੇ ਦੀ ਤਨਖਾਹ ਦਾਨ ਕਰਨ ਤਾਂ ਜੋ ਆਮ ਲੋਕਾਂ ਦੀ ਸਹੂਲਤ ਲਈ ਨਿਗਮ ਪੱਧਰ 'ਤੇ ਇੱਕ ਮ੍ਰਿਤਕ ਵੈਨ ਦਾ ਪ੍ਰਬੰਧ ਕੀਤਾ ਜਾ ਸਕੇ।

# ਆਰਟਿਸਟ ਰਾਈਟਰਜ਼ ਵੈਲਫੇਅਰ ਐਸੋਸੀਏਸ਼ਨ ਦੀ ਫਗਵਾੜਾ 'ਚ ਹੋਈ ਪਲੇਠੀ ਮੀਟਿੰਗ





ਫਗਵਾੜਾ( ਸੁਸ਼ੀਲ ਸ਼ਰਮਾ )ਆਰਟਿਸਟ ਰਾਈਟਰਜ਼ ਵੈਲਫੇਅਰ ਐਸੋਸੀਏਸ਼ਨ ਦੀ ਪਲੇਠੀ ਮੀਟਿੰਗ ਸੰਸਥਾਪਕ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਸਥਾਨਕ ਰੈਸਟ ਹਾਊਸ ਫਗਵਾੜਾ ਵਿਖੇ ਹੋਈ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਚਮਨ ਲਾਲ ਰਿਟਾ. ਏ.ਆਰ.ਓ. ਬੀ.ਡੀ.ਪੀ.ਓ. ਫਗਵਾੜਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਨਵਾਂਸ਼ਹਿਰ ਤੋਂ ਪਹੁੰਚੇ ਪ੍ਰੋਡਿਊਸਰ ਡਾਇਰੈਕਟਰ ਸੁਰਜੀਤ ਸਿੰਘ ਮਯੂਰ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਹਾਜਰੀਨ ਨੂੰ ਸੰਬੋਧਨ ਕਰਦਿਆਂ ਗੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਇਹ ਜੱਥੇਬੰਦੀ ਕਲਾਕਾਰਾਂ ਅਤੇ ਫਿਲਮੀ ਲੇਖਕਾਂ ਦੀ ਭਲਾਈ ਲਈ ਗਠਿਤ ਕੀਤੀ ਗਈ ਹੈ। ਜਿਸ ਦੀ ਰਜਿਸਟ੍ਰੇਸ਼ਨ ਵੀ ਕਰਵਾ ਲਈ ਗਈ ਹੈ। ਉਹਨਾਂ ਦੱਸਿਆ ਕਿ ਸੰਸਥਾਪਕ ਮੈਂਬਰਾਂ ਵਿਚ ਸਲਵਿੰਦਰ ਸਿੰਘ ਜੱਸੀ ਜਨਰਲ ਸਕੱਤਰ, ਬਲਵਿੰਦਰ ਸਿੰਘ ਪਲਾਹੀ ਸੀਨੀਅਰ ਮੀਤ ਪ੍ਰਧਾਨ, ਨੀਲਮ ਹਾਂਡਾ ਮੀਤ ਪ੍ਰਧਾਨ, ਮੱਖਣ ਰੱਤੂ ਕੈਸ਼ੀਅਰ, ਕਮਲਜੀਤ ਸਿੰਘ ਸਕੱਤਰ ਅਤੇ ਐਡਵੋਕੇਟ ਕੁਲਦੀਪ ਭੱਟੀ ਕਾਨੂੰਨੀ ਸਲਾਹਕਾਰ ਸ਼ਾਮਲ ਹਨ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਸੁਰਜੀਤ ਸਿੰਘ ਮਯੂਰ ਨੂੰ ਜੱਥੇਬੰਦੀ ਦਾ ਸਰਪ੍ਰਸਤ ਐਲਾਨਿਆ ਗਿਆ। ਸੁਰਜੀਤ ਸਿੰਘ ਮਯੂਰ ਨੇ ਸਮੂਹ ਹਾਜਰ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਹਰ ਤਰ੍ਹਾਂ ਦੇ ਸੰਭਵ ਸਹਿਯੋਗ ਲਈ ਧੰਨਵਾਦ ਕੀਤਾ। ਮੀਟਿੰਗ ਦੌਰਾਨ ਆਰ.ਜੇ. ਫਿਲਮਜ਼ ਪ੍ਰੋਡਕਸ਼ਨ ਹਾਊਸ ਦੇ ਬੈਨਰ ਹੇਠ ਬਣੀ ਟੈਲੀ ਫਿਲਮ ਗੁਲਾਬ ਸਿੰਘ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਫਿਲਮ ਦੇ ਪ੍ਰੋਡਿਊਸਰ ਸਲਵਿੰਦਰ ਸਿੰਘ ਜੱਸੀ ਨੇ ਦੱਸਿਆ ਕਿ ਵੀਹ ਮਿਨਟ ਦੀ ਇਹ ਫਿਲਮ ਬੁਰਾਈ ਦਾ ਅੰਤ ਬੁਰਾ ਹੋਣ ਦਾ ਸੰਦੇਸ਼ ਦਿੰਦੀ ਹੈ। ਫਿਲਮ ਦਾ ਪਰੋਮੋ ਯੂ.ਟਿਊਬ 'ਤੇ ਦੇਖਿਆ ਜਾ ਸਕਦਾ ਹੈ ਅਤੇ ਜਲਦੀ ਹੀ ਫਿਲਮ ਵੀ ਰਿਲੀਜ਼ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਮੁੱਖ ਕਿਰਦਾਰ ਗੁਲਾਬ ਸਿੰਘ ਦੀ ਭੂਮਿਕਾ ਗੀਤ ਪ੍ਰੀਤ ਪਾਲ ਸਿੰਘ ਅਤੇ ਬਬਿਤਾ ਬਾਂਸਲ ਵਲੋਂ ਨਿਭਾਈ ਗਈ ਹੈ। ਬਾਕੀ ਸਟਾਰ ਕਾਸਟ 'ਚ ਮਨਵੰਤ ਸਿੰਘ, ਸਤੀਸ਼ ਹਾਂਡਾ, ਹਰਬੰਸ ਲਾਲ ਵਿਰਕ, ਚੇਤ ਰਾਮ, ਰਜਨੀ, ਦੇਵ ਵਿਰਕ, ਹਰਦੀਪ ਸਿੰਘ ਰੱਤੂ, ਸ਼ਿਵ ਸ਼ਰਮਾ, ਸੱਤ ਪ੍ਰਕਾਸ਼ ਸੱਗੂ, ਵਿਜੇ ਸ਼ਰਮਾ, ਅਜੇ ਸ਼ਰਮਾ, ਰਸ਼ਪਾਲ ਸਿੰਘ ਸਿੱਧੂ, ਕਮਲ ਰਾਮਗੜ੍ਹੀਆ, ਗੁਰਦੀਪ ਸਿੰਘ, ਚਰਨਪ੍ਰੀਤ ਸਿੰਘ, ਸੁਮਿਤ੍ਰ ਸ਼ਾਮਲ ਹਨ। ਵੀਡੀਓ ਡਾਇਰੈਕਟਰ ਰਾਜੇਸ਼ ਅਧਿਆਏ ਜਦਕਿ ਫਿਲਮ ਦਾ ਨਿਰਦੇਸ਼ ਵੀ ਗੀਤ ਪ੍ਰੀਤ ਪਾਲ ਸਿੰਘ ਵਲੋਂ ਕੀਤਾ ਗਿਆ ਹੈ। ਇਸ ਮੌਕੇ ਫਿਲਮ ਦੇ ਪੋਸਟਰ ਡਿਜਾਇਨਰ ਵਿਜੇ ਸ਼ਰਮਾ ਵੀ ਹਾਜਰ ਸਨ।

# ਕਾਨਪੁਰ ਚ ਮਾਂ ਨਾਲ ਝਗੜੇ ਤੋਂ ਬਾਅਦ ਇਕਲੌਤੇ ਪੁੱਤਰ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ, ਘਰ ਚ ਹਫੜਾ-ਦਫੜੀ



ਕਾਨਪੁਰ।(ਸੁਨੀਲ ਬਾਜਪਾਈ ) ਇੱਕ ਨੌਜਵਾਨ, ਜੋ ਆਪਣੀ ਮਾਂ ਨਾਲ ਖਾਣੇ ਨੂੰ ਲੈ ਕੇ ਹੋਏ ਝਗੜੇ ਤੋਂ ਪਰੇਸ਼ਾਨ ਸੀ, ਜਿਸਨੇ ਉਸਨੂੰ ਜਨਮ ਦਿੱਤਾ ਸੀ ਅਤੇ ਪਾਲਿਆ ਸੀ, ਨੇ ਏਅਰਲਾਈਨ ਦੀ ਨੌਕਰੀ ਵਿੱਚ ਸ਼ਾਮਲ ਹੋਣ ਤੋਂ ਦੋ ਦਿਨ ਪਹਿਲਾਂ ਹੀ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਉਹ ਆਪਣੇ ਪਰਿਵਾਰ ਦੀ ਇੱਕੋ ਇੱਕ ਉਮੀਦ ਸੀ। ਘਟਨਾ ਤੋਂ ਬਾਅਦ ਪਰਿਵਾਰ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ, ਜਦੋਂ ਕਿ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਇਹ ਘਟਨਾ ਬਾਰਾ ਥਾਣਾ ਖੇਤਰ ਵਿੱਚ ਵਾਪਰੀ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਰਾਮਸ਼ੰਕਰ ਪਟੇਲ, ਜੋ ਕਿ ਮੂਲ ਰੂਪ ਵਿੱਚ ਹਰਦੋਈ ਦੇ ਮੱਲਨਵਾ ਦਾ ਰਹਿਣ ਵਾਲਾ ਹੈ, ਆਪਣੀ ਪਤਨੀ ਮੀਨਾ ਅਤੇ ਪੁੱਤਰ ਜਤਿਨ (23) ਨਾਲ ਨਰਪਤ ਨਗਰ ਦੇ ਜੜੌਲੀ ਫੇਜ਼-1 ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਪ੍ਰਾਈਵੇਟ ਕਰਮਚਾਰੀ ਰਾਮ ਸ਼ੰਕਰ ਨੇ ਦੱਸਿਆ ਕਿ ਉਸਦਾ ਪੁੱਤਰ ਡੇਢ ਮਹੀਨਾ ਪਹਿਲਾਂ ਇੰਡੀਗੋ ਏਅਰਲਾਈਨਜ਼ ਤੋਂ ਸਿਖਲਾਈ ਲੈ ਕੇ ਵਾਪਸ ਆਇਆ ਸੀ ਅਤੇ ਉਸਨੂੰ 5 ਅਪ੍ਰੈਲ ਨੂੰ ਜੁਆਇਨ ਕਰਨਾ ਪਿਆ।

ਘਟਨਾ ਬਾਰੇ ਮੌਕੇ ਤੇ ਪਹੁੰਚੀ ਪੁਲਿਸ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਕਿ ਸ਼ੁੱਕਰਵਾਰ ਰਾਤ ਨੂੰ ਜਤਿਨ ਦਾ ਆਪਣੀ ਮਾਂ ਨਾਲ ਖਾਣੇ ਨੂੰ ਲੈ ਕੇ ਝਗੜਾ ਹੋਇਆ, ਜਿਸ ਤੋਂ ਬਾਅਦ ਉਹ ਕਮਰੇ ਵਿੱਚ ਸੌਣ ਲਈ ਚਲਾ ਗਿਆ। ਇਸ ਦੌਰਾਨ ਉਸਨੇ ਦੇਰ ਰਾਤ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਜਦੋਂ ਸਵੇਰੇ ਕਾਫ਼ੀ ਦੇਰ ਤੱਕ ਦਰਵਾਜ਼ਾ ਨਹੀਂ ਖੁੱਲ੍ਹਿਆ ਤਾਂ ਪਰਿਵਾਰਕ ਮੈਂਬਰ ਮੌਕੇ ਤੇ ਗਏ ਅਤੇ ਦੇਖਿਆ ਕਿ ਜਤਿਨ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਪੁਲਿਸ ਲਾਸ਼ ਨੂੰ ਪੋਸਟਮਾਰਟਮ ਲਈ ਭੇਜਣ ਤੋਂ ਬਾਅਦ ਘਟਨਾ ਦੀ ਜਾਂਚ ਕਰ ਰਹੀ ਹੈ।

# ਲਾਇਨਜ ਕਲੱਬ ਫਗਵਾੜਾ ਨੇ ਸਿਵਲ ਸਰਵਿਸਿਜ ਪ੍ਰੀਖਿਆ ਪਾਸ ਕਰਨ 'ਤੇ ਸਿਦਕ ਸਿੰਘ ਨੂੰ ਕੀਤਾ ਸਨਮਾਨਤ



ਫਗਵਾੜਾ( ਸੁਸ਼ੀਲ ਸ਼ਰਮਾ )ਲਾਇਨਜ ਕਲੱਬ ਫਗਵਾੜਾ ਵਲੋਂ ਇੱਥੋਂ ਦੇ ਹੋਣਹਾਰ ਨੌਜਵਾਨ ਸਿਦਕ ਸਿੰਘ ਨੂੰ ਸਿਵਲ ਸਰਵਿਸਿਸ 2024 (ਯੂ.ਪੀ.ਐਸ.ਈ.) ਦੀ ਪ੍ਰੀਖਿਆ ਪਾਸ ਕਰਨ 'ਤੇ ਸਨਮਾਨਤ ਕੀਤਾ ਗਿਆ। ਕਲੱਬ ਪ੍ਰਧਾਨ ਲਾਇਨ ਸਰਬਜੀਤ ਸਿੰਘ ਅਤੇ ਸਮੂਹ ਕਲੱਬ ਮੈਂਬਰਾਂ ਵਲੋਂ ਸਥਾਨਕ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਆਯੋਜਿਤ ਸਨਮਾਨ ਸਮਾਗਮ ਦੌਰਾਨ ਸਿਦਕ ਸਿੰਘ ਨੂੰ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਭੇਂਟ ਕੀਤਾ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਕਲੱਬ ਦੇ ਚਾਰਟਰ ਪ੍ਰਧਾਨ ਸੁਖਵਿੰਦਰ ਸਿੰਘ ਟੈਰੀ ਨੇ ਕਿਹਾ ਕਿ ਸਿਦਕ ਸਿੰਘ ਨੇ ਆਪਣਾ ਅਤੇ ਆਪਣੇ ਪਰਿਵਾਰ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਦਾ ਨਾਮ ਉੱਚਾ ਕੀਤਾ ਹੈ। ਉਹਨਾਂ ਦੱਸਿਆ ਕਿ ਸਿਦਕ ਸਿੰਘ ਦਾ ਜਨਮ ਧਾਰਮਿਕ ਰੁਚੀ ਵਾਲੇ ਦਾਦਾ ਸ. ਸਰਦਾਰ ਸਿੰਘ ਅਤੇ ਦਾਦੀ ਮਾਤਾ ਇੰਦਰਜੀਤ ਕੌਰ ਦੇ ਪਰਿਵਾਰ ਵਿਚ ਮਾਤਾ ਸਿਮਰਪ੍ਰੀਤ ਕੌਰ ਅਤੇ ਪਿਤਾ ਸਰਦਾਰ ਚਰਨਜੀਤ ਸਿੰਘ ਦੇ ਘਰ ਹੋਇਆ। ਚਾਚਾ ਤਜਿੰਦਰਜੀਤ ਸਿੰਘ ਸੋਨੂ ਦੇ ਪਿਆਰ ਸਦਕਾ ਇਹਨਾਂ ਆਪਣੀ ਮੁਢਲੀ ਪੜ੍ਹਾਈ ਕਾਨਵੈਂਟ ਸਕੂਲ ਅਤੇ ਸਵਾਮੀ ਸੰਤ ਦਾਸ ਸਕੂਲ ਫਗਵਾੜਾ ਅਤੇ ਉਚੇਰੀ ਸਿਖਿਆ ਸੋਸ਼ਲ ਸਾਇੰਸ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਜਿਸ ਤੋਂ ਬਾਅਦ ਯੂ.ਪੀ.ਐਸ. ਸੀ -2024 ਦੀ ਸਾਲਾਨਾ ਪ੍ਰੀਖਿਆ 'ਚ 157 ਵਾਂ ਰੈਂਕ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਸਿਵਲ ਸਰਵਿਸਿਜ ਦੀ ਪ੍ਰੀਖਿਆ 'ਚ ਹਰੇਕ ਸਾਲ ਦੇਸ਼ ਭਰ ਦੇ ਲੱਖਾਂ ਵਿਦਿਆਰਥੀ ਹਿਸਾ ਲੈਂਦੇ ਹਨ ਪਰ ਪਾਸ ਕਰਨ ਵਾਲਿਆਂ ਦੀ ਗਿਣਤੀ ਸਿਰਫ ਸੈਂਕੜਿਆਂ ਤੱਕ ਸੀਮਤ ਹੁੰਦੀ ਹੈ। ਇਸ ਦੌਰਾਨ ਹੋਣਹਾਰ ਨੌਜਵਾਨ ਸਿਦਕ ਸਿੰਘ ਨੇ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੋਸ਼ਿਸ਼ ਕਰਨ 'ਤੇ ਕਾਮਯਾਬੀ ਜ਼ਰੂਰ ਹਾਸਲ ਹੁੰਦੀ ਹੈ। ਸਾਨੂੰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਸਨੇ ਆਪਣੀ ਕਾਮਯਾਬੀ ਦਾ ਸਿਹਰਾ ਆਪਣੇ ਪਰਿਵਾਰ, ਸਕੂਲਾਂ ਦੇ ਅਧਿਆਪਕਾਂ ਅਤੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਖ਼ਾਸ ਤੌਰ 'ਤੇ ਆਪਣੇ ਪਿਤਾ ਨੂੰ ਦਿੱਤਾ। ਇਸ ਮੌਕੇ ਲਾਇਨ ਜਸਵੀਰ ਡੱਬ, ਕਲੱਬ ਸਕੱਤਰ ਲਾਇਨ ਦੇਵ ਕਾਲੀਆ, ਲਾਇਨ ਸਰਬਜੀਤ ਸਿੰਘ, ਲਾਇਨ ਹਰਜਿੰਦਰ ਸਿੰਘ ਵਿਰਕ, ਲਾਇਨ ਗੁਰਦੇਵ ਸਿੰਘ ਬਾਂਸਲ, ਲਾਇਨ ਗੁਲਬਹਾਰ ਬੱਤਾ, ਲਾਇਨ ਬਲੀ ਰਾਮ, ਲਾਇਨ ਸੰਦੀਪ ਕੁਮਾਰ, ਲਾਇਨ ਨਵੀਨ ਕੁਮਾਰ, ਲਾਇਨ ਅਰਵਿੰਦਰ ਵਿੱਕੀ, ਲਾਇਨ ਨਵਜੋਤ ਸਿੰਘ ਆਦਿ ਹਾਜਰ ਸਨ।

# ਪਿੰਡ ਕਹਾਰਪੁਰ ਵਿਖੇ ਰਾਂ ਗੋਤ ਜਠੇਰਿਆਂ ਦਾ ਸਲਾਨਾ ਮੇਲਾ 18 ਮਈ ਜੇਠੇ ਐਤਵਾਰ ਨੂੰ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਵੇਗਾ



ਫਗਵਾੜਾ-ਮਹਿਲਪੁਰ 3 ਮਈ (ਸੁਸ਼ੀਲ ਸ਼ਰਮਾ) ਮਹਿਲਪੁਰ ਦੇ ਅਧੀਨ ਪੈਂਦੇ ਪਿੰਡ ਕਹਾਰਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਰਾਂ ਗੋਤ ਜਠੇਰਿਆਂ ਦਾ ਮੇਲਾ 18 ਮਈ ਜੇਠੇ ਐਤਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸੋਡੀ ਚੰਦ ਤੇ ਡੀ.ਐਸ.ਪੀ.ਕੁੱਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਭ ਤੋ ਪਹਿਲਾ ਨਿਸ਼ਾਨ ਸਾਹਿਬ ਜੀ ਦੀ ਰਸਮ ਨਿਭਾਈ ਜਾਵੇਗੀ। ਉਪਰੰਤ ਪੰਜਾਬ ਦੇ ਗੋਲਡ ਮੈਡਲਿਸਟ ਗਾਇਕ ਬਲਵਿੰਦਰ ਬਿੱਟੂ ਤੇ ਭਿੰਦਾ ਫੱਤੋਵਾਲੀਆ ਵਲੋ ਜਠੇਰੇ ਵੱਡੇ ਵਡੇਰਿਆਂ ਦੀ ਮਹਿਮਾ ਦਾ ਗੁਣਗਾਣ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸੇਵਾਦਾਰਾਂ ਵਲੋਂ ਆਈਆਂ ਹੋਈਆ ਸੰਗਤਾਂ ਵਾਸਤੇ ਚਾਹ ਪਕੋੜੇ ਤੇ ਲੰਗਰ ਦਾ ਖਾਂਸ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸਰਪ੍ਰਸਤ ਗੁਰਦੇਵ ਚੰਦ ਕੈਡੋਵਾਲ, ਦਲਜੀਤ ਸਿੰਘ ਕਾਲਾ ਕੈਡੋਵਾਲ, ਮਨਜੀਤ ਰਾਏ ਫੱਤੋਵਾਲ,ਕ੍ਰਿਸ਼ਨ ਜੀਤ ਰਾਓ,ਰਾਕੇਸ਼ ਫਗਵਾੜਾ,ਸੁਰਿੰਦਰ ਪਿੰਕੀ ਕੈਡੋਵਾਲ,ਭੁਪਿੰਦਰ ਸਿੰਘ,ਮੋਹਣ ਸਿੰਘ,ਠੇਕੇਦਾਰ ਸੁਰਿੰਦਰ ਪਾਲ ਸਿੰਘ,ਸੂਬੇਦਾਰ ਗੁਰਮੇਲ ਸਿੰਘ ਬਰਿਆਣਾ ਆਦਿ ਵੱਡੀ ਗਿੱਣਤੀ ਵਿੱਚ ਸੰਗਤਾਂ ਹਾਜਰ ਹੋਣਗੀਆਂ।

# ਆਈ.ਪੀ.ਐਸ. ਬਣੇ ਫਗਵਾੜਾ ਦੇ ਸਿਦਕ ਸਿੰਘ ਨੂੰ ਸ਼ਹਿਰ ਦੀਆਂ ਸਮਾਜਿਕ ਜੱਥੇਬੰਦੀਆਂ ਨੇ ਕੀਤਾ ਸਨਮਾਨਤ



ਫਗਵਾੜਾ ( ਸੁਸ਼ੀਲ ਸ਼ਰਮਾ ) ਯੂ.ਪੀ. ਐਸ.ਸੀ. ਦੀ ਕਠਿਨ ਪ੍ਰੀਖਿਆ ਪਾਸ ਕਰਕੇ ਆਈ.ਪੀ.ਐਸ. ਅਫਸਰ ਬਣਨ ਦਾ ਮਾਣ ਹਾਸਲ ਕਰਨ ਵਾਲੇ ਫਗਵਾੜਾ ਦੇ ਹੋਣਹਾਰ ਨੌਜਵਾਨ ਸਿਦਕ ਸਿੰਘ ਦੇ ਸਨਮਾਨ 'ਚ ਇਕ ਸਮਾਗਮ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਆਯੋਜਿਤ ਕੀਤਾ ਗਿਆ। ਜਿਸ ਵਿਚ ਮੇਅਰ ਰਾਮਪਾਲ ਉੱਪਲ ਅਤੇ ਏ.ਡੀ.ਸੀ. ਕਮ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਉਹਨਾਂ ਨੇ ਸਿਦਕ ਸਿੰਘ ਨੂੰ ਸਨਮਾਨ ਚਿੰਨ੍ਹ, ਸ਼ਾਲ ਅਤੇ ਪ੍ਰਸ਼ੰਸਾ ਪੱਤਰ ਭੇਂਟ ਕਰਦਿਆਂ ਮੁਬਾਰਕਬਾਦ ਅਤੇ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿਦਕ ਸਿੰਘ ਨੇ ਆਪਣੇ ਪਰਿਵਾਰ ਦੇ ਨਾਲ ਹੀ ਸ਼ਹਿਰ ਅਤੇ ਪੰਜਾਬ ਦਾ ਨਾਮ ਵੀ ਰੌਸ਼ਨ ਕੀਤਾ ਹੈ। ਸਮਾਗਮ ਦੌਰਾਨ ਪਹੁੰਚੇ ਸੁਆਮੀ ਸੰਤ ਦਾਸ ਸਕੂਲ ਪ੍ਰਿੰਸੀਪਲ ਅੰਜੂ ਮਹਿਤਾ ਨੇ ਕਿਹਾ ਕਿ ਉਹਨਾਂ ਦੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਿਦਕ ਸਿੰਘ ਨੇ ਮੁਢਲੀ ਸਿੱਖਿਆ ਉਹਨਾਂ ਦੇ ਸਕੂਲ 'ਚ ਹਾਸਲ ਕੀਤੀ ਹੈ। ਪ੍ਰੋਫੈਸਰ ਜਸਵੰਤ ਸਿੰਘ ਗੰਢਮ ਨੇ ਕਿਹਾ ਕਿ ਸੁਪਨਾ ਪੂਰਾ ਹੋਣ ਦੀ ਖੁਸ਼ੀ ਦਾ ਵੱਖਰਾ ਹੀ ਅਹਿਸਾਸ ਹੁੰਦਾ ਹੈ ਅਤੇ ਸਿਦਕ ਸਿੰਘ ਖੁਸ਼ਕਿਸਮਤ ਹੈ ਜਿਸ ਨੇ ਆਪਣੀ ਸਖ਼ਤ ਮਿਹਨਤ ਸਦਕਾ ਨਾ ਸਿਰਫ ਆਪਣੇ ਸੁਪਨੇ ਨੂੰ ਪੂਰਾ ਕੀਤਾ ਹੈ ਸਗੋਂ ਹੋਰਨਾਂ ਨੌਜਵਾਨਾਂ ਨੂੰ ਵੀ ਮੰਜ਼ਿਲ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਕਰਨ ਦੀ ਸੇਧ ਦਿੱਤੀ ਹੈ। ਇਸ ਦੌਰਾਨ ਗੁਰਮੀਤ ਸਿੰਘ ਪਲਾਹੀ ਨੇ ਮਾਣ ਪੱਤਰ ਪੜ੍ਹਿਆ। ਜਿਸ ਨੂੰ ਬਲੱਡ ਬੈਂਕ ਦੇ ਚੇਅਰਮੈਨ ਕੇ.ਕੇ. ਸਰਦਾਨਾ, ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਅਤੇ ਹਰਬੰਸ ਲਾਲ ਨੇ ਸਿਦਕ ਸਿੰਘ ਨੂੰ ਭੇਂਟ ਕੀਤਾ। ਸਟੇਜ ਦੀ ਸੇਵਾ ਜੇਸੀਜ ਦੇ ਸਾਬਕਾ ਰਾਸ਼ਟਰੀ ਪ੍ਰਧਾਨ ਮੁਖਿੰਦਰ ਸਿੰਘ ਨੇ ਬਾਖੂਬੀ ਨਿਭਾਈ। ਇਸ ਮੌਕੇ ਸਿਦਕ ਸਿੰਘ ਦੇ ਦਾਦਾ ਸਰਦਾਰ ਸਿੰਘ, ਦਾਦੀ ਇੰਦਰਜੀਤ ਕੌਰ, ਮਾਤਾ ਸਿਮਰਪ੍ਰੀਤ ਕੌਰ, ਪਿਤਾ ਚਰਨਜੀਤ ਸਿੰਘ ਤੋਂ ਇਲਾਵਾ ਜੇਸੀਜ ਕਲੱਬ ਪ੍ਰਧਾਨ ਜਯੋਤੀ, ਇੰਨਰਵ੍ਹੀਲ ਕਲੱਬ ਪ੍ਰਧਾਨ ਸੁਮਿਤਾ ਪਰਾਸ਼ਰ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਵਿੰਦਰ ਗੁਲਾਟੀ, ਸੀਨੀਅਰ ਸਿਟੀਜਨਸ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਸ਼ਵਾ ਮਿੱਤਰ ਸ਼ਰਮਾ, ਰੋਟਰੀ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ, ਅਲਾਇੰਸ ਕਲੱਬ ਦੇ ਪ੍ਰਧਾਨ ਵਰੁਣ ਵਧਾਵਨ, ਸ਼ਾਲਨੀ ਗਰੁੱਪ ਦੀ ਪ੍ਰਧਾਨ ਮੋਨਿਕਾ, ਪਰਮਜੀਤ ਸਿੰਘ, ਲਾਇਨ ਸਰਬਜੀਤ ਸਿੰਘ, ਹਰਜਿੰਦਰ ਸਿੰਘ, ਵਿਕਾਸ ਕੋਛੜ, ਜਤਿੰਦਰ ਸਿੰਘ ਕੁੰਦੀ, ਅਮਰਜੀਤ ਸਿੰਘ ਢਿੱਲੋਂ, ਲਾਇਨਜ ਪ੍ਰਧਾਨ ਵਿਕਾਸ ਕੋਛੜ, ਪਰਮਿੰਦਰ ਸਿੰਘ ਕੁੰਦੀ, ਬਲਵਿੰਦਰ ਸੱਗੂ, ਲਾਇਨਜ ਪ੍ਰਧਾਨ ਪਰਮਜੀਤ, ਰੋਟਰੀ ਕਲੱਬ ਸਾਊਥ ਈਸਟ ਦੇ ਪ੍ਰਧਾਨ ਮਨਦੀਪ ਸਿੰਘ, ਅਮਰਜੀਤ ਰਿਐਤ, ਜਸਪ੍ਰੀਤ ਸਿੰਘ, ਰਵਿੰਦਰ ਚੋਟ, ਪਦਮ ਵਧਾਵਨ, ਸਿਟੀਜਨ ਰਾਈਟਸ ਫੋਰਮ ਦੇ ਪ੍ਰਧਾਨ ਡਾ. ਜੇ.ਐਸ. ਵਿਰਕ, ਵਿਪਨ ਅਰੋੜਾ, ਤਾਰਾ ਚੰਦ ਚੁੰਬਰ, ਵਿਪਨ ਖੁਰਾਨਾ ਆਦਿ ਹਾਜਰ ਸਨ। ਅਖੀਰ ਵਿਚ ਉਦਯੋਗਪਤੀ ਅਸ਼ੋਕ ਸੇਠੀ ਨੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਧੰਨਵਾਦ ਕੀਤਾ।

# ਦੁਬਈ ਚ ਮਰੇ ਪ੍ਰਦੀਪ ਦੇ ਮਾਪਿਆਂ ਦਾ ਦੁੱਖ ਵੇਖ ਭਾਵੁਕ ਹੋਏ ਡਾ.ਉਬਰਾਏ



ਅੰਮ੍ਰਿਤਸਰ, - ਹਰੇਕ ਦੁਖੀ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਉਸ ਦੀ ਹਰ ਸੰਭਵ ਮਦਦ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ.ਐਸ.ਪੀ.ਸਿੰਘ ਉਬਰਾਏ ਅੰਮ੍ਰਿਤਸਰ ਨਾਲ ਸਬੰਧਿਤ ਪ੍ਰਦੀਪ ਸਿੰਘ,ਜਿਸ ਦੀ ਦੁਬਈ ਚ ਹੋਏ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਦਰਦਨਾਕ ਮੌਤ ਹੋ ਗਈ ਸੀ, ਦੇ ਮਾਪਿਆਂ ਨਾਲ ਦੁੱਖ ਸਾਂਝਾ ਕਰਨ ਲਈ ਉਚੇਚੇ ਤੌਰ ਤੇ ਉਸ ਦੇ ਘਰ ਪਹੁੰਚੇ ਜਿੱਥੇ ਇਕਲੌਤੇ ਪੁੱਤ ਦੇ ਵਿਛੋੜੇ ਚ ਵਿਲਕਦੇ ਮਾਪਿਆਂ ਦਾ ਦੁੱਖ ਵੇਖ ਡਾ.ਉਬਰਾਏ ਵੀ ਭਾਵੁਕ ਹੋ ਗਏ।

ਇਸ ਦੌਰਾਨ ਗੱਲਬਾਤ ਕਰਦਿਆਂ ਡਾ.ਐਸ.ਪੀ. ਸਿੰਘ ਓਬਰਾਏ ਨੇ ਭਰੇ ਮਨ ਨਾਲ ਦੱਸਿਆ ਮਾਪਿਆਂ ਦਾ ਇਕਲੌਤਾ ਪੁੱਤ ਪ੍ਰਦੀਪ ਵੀ ਬਿਹਤਰ ਭਵਿੱਖ ਲਈ ਕਰੀਬ 6 ਮਹੀਨੇ ਪਹਿਲਾਂ ਹੀ ਦੁਬਈ ਗਿਆ ਸੀ ਬੀਤੀ 10 ਅਪ੍ਰੈਲ ਨੂੰ ਦੁਬਈ ਚ ਵਾਪਰੇ ਇੱਕ ਸੜਕ ਹਾਦਸੇ ਦੌਰਾਨ ਲੱਗੀ ਭਿਆਨਕ ਅੱਗ ਚ ਬਹੁਤ ਬੁਰੀ ਤਰ੍ਹਾਂ ਨਾਲ ਝੁਲਸ ਜਾਣ ਕਾਰਨ ਉਸਦੀ ਦਰਦਨਾਕ ਮੌਤ ਹੋ ਗਈ ਸੀ। ਉਨ੍ਹਾਂ ਵੱਲੋਂ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਪ੍ਰਦੀਪ ਦਾ ਮ੍ਰਿਤਕ ਸਰੀਰ ਕੁਝ ਦਿਨ ਪਹਿਲਾਂ ਭਾਰਤ ਭੇਜਿਆ ਸੀ। ਡਾ.ਉਬਰਾਏ ਨੇ ਦੱਸਿਆ ਕਿ ਅੱਜ ਉਨ੍ਹਾਂ ਪ੍ਰਦੀਪ ਦੀ ਵੱਡੀ ਭੈਣ ਦੇ ਵਿਆਹ ਲਈ 2 ਲੱਖ ਰੁਪਏ ਦਾ ਚੈੱਕ ਉਸ ਦੇ ਪਰਿਵਾਰ ਨੂੰ ਦੇਣ ਤੋਂ ਇਲਾਵਾ ਉਸ ਦੇ ਮਾਪਿਆਂ ਦੀ ਹਾਲਤ ਨੂੰ ਵੇਖਦਿਆਂ ਘਰ ਦੇ ਗੁਜ਼ਾਰੇ ਲਈ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਵੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਉਹ ਇਸ ਦੁੱਖੀ ਪਰਿਵਾਰ ਦਾ ਘਾਟਾ ਤਾਂ ਨਹੀਂ ਪੂਰਾ ਕਰ ਸਕਦੇ ਪਰ ਇਸ ਔਖੇ ਵੇਲੇ ਆਪਣੇ ਵੱਲੋਂ ਹਰ ਸੰਭਵ ਮਦਦ ਕਰਨਾ ਆਪਣਾ ਇਨਸਾਨੀ ਫਰਜ਼ ਸਮਝਦੇ ਹਨ।

ਇਸ ਮੌਕੇ ਉਨ੍ਹਾਂ ਨਾਲ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਜਨਰਲ ਸਕੱਤਰ ਮਨਪ੍ਰੀਤ ਸੰਧੂ, ਨਵਜੀਤ ਸਿੰਘ ਘਈ ਤੇ ਸੁਖਚੈਨ ਸਿੰਘ ਹੇਰ ਤੋਂ ਇਲਾਵਾ ਹਰਜੀਤ ਸਿੰਘ ਅਤੇ ਰਣਜੀਤ ਸਿੰਘ ਆਦਿ ਵੀ ਮੌਜੂਦ ਸਨ।

# ਦਿੱਲੀ ਵਿੱਚ ਕਰਵਾਏ ਗਏ ਨੇਸ਼ਨਲ ਸਕੂਲ ਗੇਮਜ਼ ਵਿੱਚ ਫਾਜ਼ਿਲਕਾ ਦੀ ਪ੍ਰਭਜੋਤ ਕੌਰ ਨੇ ਫ੍ਰੀ ਸੋਟੀ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਵਧਾਇਆ ਮਾਣ



ਦਿੱਲੀ ਵਿੱਚ ਕਰਵਾਏ ਗਏ 68ਵੇਂ ਨੇਸ਼ਨਲ ਸਕੂਲ ਗੇਮਜ਼ 2024-25 ਦੇ ਅਧੀਨ ਅੰਡਰ-19 ਗਤਕਾ ਮੁਕਾਬਲਿਆਂ ਵਿੱਚ ਪੰਜਾਬ ਦੇ ਜ਼ਿਲ੍ਹਾ ਫਾਜ਼ਿਲਕਾ ਦੀ ਹੋਨਹਾਰ ਵਿਦਿਆਰਥਣ ਪ੍ਰਭਜੋਤ ਕੌਰ ਨੇ ਫ੍ਰੀ ਸੋਟੀ ਟੀਮ ਵਿੱਚ ਭਾਗ ਲੈ ਕੇ ਸੋਨੇ ਦਾ ਤਮਗਾ ਜਿੱਤਿਆ। ਆਪਣੇ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਉਸ ਨੇ ਨਾ ਸਿਰਫ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ, ਸਗੋਂ ਸਾਰੇ ਜ਼ਿਲ੍ਹੇ ਨੂੰ ਮਾਣ ਨਾਲ ਭਰ ਦਿੱਤਾ।

ਪ੍ਰਭਜੋਤ ਕੌਰ, ਪੀ.ਐਮ. ਸ਼੍ਰੀ ਸ.ਸ.ਸ.ਸ. ਲਾਲੋਵਾਲੀ ਸਕੂਲ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਹੈ। ਮੁਕਾਬਲੇ ਦੀ ਤਿਆਰੀ ਲਈ ਉਸ ਨੇ ਦਿਲੋ-ਜਾਨ ਲਗਾ ਕੇ, ਸਮਰਪਣ ਅਤੇ ਅਨੁਸ਼ਾਸਨ ਨਾਲ ਅਭਿਆਸ ਕੀਤਾ। ਰਾਸ਼ਟਰੀ ਪੱਧਰ ਦੀ ਇਸ ਪ੍ਰਤੀਯੋਗਤਾ ਵਿੱਚ ਬਿਹਤਰੀਨ ਪ੍ਰਦਰਸ਼ਨ ਕਰਕੇ ਸੋਨੇ ਦਾ ਤਮਗਾ ਜਿੱਤਣ ਦੇ ਬਾਅਦ ਜਦੋਂ ਉਹ ਸਕੂਲ ਵਾਪਸ ਆਈ, ਤਾਂ ਪ੍ਰਧਾਨਾਚਾਰਿਆ ਸ਼੍ਰੀ ਮਨੋਜ ਕੁਮਾਰ, ਸਾਰਾ ਅਧਿਆਪਕ ਵਰਗ ਅਤੇ ਸਾਥੀ ਵਿਦਿਆਰਥੀਆਂ ਨੇ ਉਸਦਾ ਅਤੇ ਉਸਦੇ ਮਾਪਿਆਂ ਦਾ ਭ□□□ ਸਵਾਗਤ ਕੀਤਾ।

ਪ੍ਰਭਜੋਤ ਦੀ ਇਸ ਪ੍ਰਾਪਤੀ ਵਿੱਚ ਉਸਦੇ ਅਧਿਆਪਕਾਂ ਦੀ ਵੀ ਅਹੰ ਭੂਮਿਕਾ ਰਹੀ। ਸਰੀਰਕ ਸਿੱਖਿਆ ਦੀ ਪ੍ਰਵਕਤਾ ਰਾਜਬੀਰ ਕੌਰ, ਡੀ.ਪੀ.ਈ. ਵਨੀਤਾ ਧੰਜੂ ਅਤੇ ਪੰਜਾਬੀ ਅਧਿਆਪਕ ਸੰਦੀਪ ਨੇ ਉਸ ਨੂੰ ਰਸਤਾ ਵਿਖਾਇਆ, ਸਿਖਲਾਈ ਦਿੱਤੀ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਬਣਾਇਆ। ਇਨ੍ਹਾਂ ਅਧਿਆਪਕਾਂ ਨੇ ਉਸਨੂੰ ਹਰ ਪੱਖੋਂ ਤਿਆਰ ਕੀਤਾ ਅਤੇ ਆਤਮ-ਵਿਸ਼ਵਾਸ ਨਾਲ ਭਰਪੂਰ ਕੀਤਾ।

ਸਕੂਲ ਦੇ ਹੋਰ ਅਧਿਆਪਕ ਜਿਵੇਂ ਕਿ ਬਰਜਿੰਦਰ ਕੁਮਾਰ, ਦੀਪਕ ਕੁਮਾਰ, ਅਨੀਤਾ ਰਾਣੀ, ਰਾਜੇਸ਼ ਸ਼ਰਮਾ, ਅਦਿਤੀ, ਰੇਣੂ ਅਤੇ ਸਾਰੇ ਸਟਾਫ ਨੇ ਵੀ ਇਸ ਇਤਿਹਾਸਕ ਉਪਲਬਧੀ ਤੇ ਖੁਸ਼ੀ ਜਤਾਈ ਅਤੇ ਪ੍ਰਭਜੋਤ ਨੂੰ ਰੌਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਭ ਨੇ ਕਿਹਾ ਕਿ ਪ੍ਰਭਜੋਤ ਦੀ ਇਹ ਜਿੱਤ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਬਣੇਗੀ।

ਪ੍ਰਧਾਨਾਚਾਰਿਆ ਸ਼੍ਰੀ ਮਨੋਜ ਕੁਮਾਰ ਨੇ ਇਸ ਮੌਕੇ ਤੇ ਕਿਹਾ ਕਿ ਪ੍ਰਭਜੋਤ ਦੀ ਸਫਲਤਾ ਸਕੂਲ ਅਤੇ ਜ਼ਿਲ੍ਹੇ ਲਈ ਮਾਣ ਦਾ ਵਿਸ਼ਾ ਹੈ। ਸਕੂਲ ਭਵਿੱਖ ਵਿੱਚ ਵੀ ਅਜਿਹੀਆਂ ਲਾਇਕ ਵਿਦਿਆਰਥਣਾਂ ਨੂੰ ਹਰ ਸੰਭਵ ਸਹਿਯੋਗ ਦਿੰਦਾ ਰਹੇਗਾ।

ਪ੍ਰਭਜੋਤ ਦੀ ਇਹ ਜਿੱਤ ਸਿਰਫ ਨਿੱਜੀ ਨਹੀਂ, ਸਗੋਂ ਇਹ ਦਿਖਾਉਂਦੀ ਹੈ ਕਿ ਪੰਜਾਬ ਦੀਆਂ ਧੀਆਂ ਵੀ ਰਾਸ਼ਟਰੀ ਪੱਧਰ ਤੇ ਆਪਣੀ ਲਿਆਕਤ ਮਨਵਾਉਣ ਦੀ ਸਮਰੱਥਾ ਰੱਖਦੀਆਂ ਹਨ। ਇਹ ਕਾਮਯਾਬੀ ਪਿੰਡਾਂ ਦੇ ਬੱਚਿਆਂ ਲਈ ਵੀ ਪ੍ਰੇਰਣਾ ਹੈ ਕਿ ਜੇ ਰਸਤਾ ਸਹੀ ਹੋਵੇ ਤੇ ਮਿਹਨਤ ਨਿਰੰਤਰ ਹੋਵੇ, ਤਾਂ ਉਹ ਵੀ ਦੇਸ਼ ਦਾ ਨਾਂ ਰੌਸ਼ਨ ਕਰ ਸਕਦੇ ਹਨ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਕੀਤੇ 14 ਸਕੂਲੀ ਬੱਸਾਂ ਦੇ ਚਲਾਨ



ਬਰਨਾਲਾ, 3 ਮਈ

ਸ੍ਰੀ ਟੀ. ਬੈਨਿਥ ਡਿਪਟੀ ਕਮਿਸ਼ਨਰ ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਕੁਲਵਿੰਦਰ ਸਿੰਘ ਰੰਧਾਵਾ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਰਨਾਲਾ ਦੀ ਅਗਵਾਈ ਹੇਠ ਜ਼ਿਲ੍ਹੇ ਵਿਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਾਈ ਐਸ ਸਕੂਲ, ਹੰਡਿਆਇਆ ਅਤੇ ਮਦਰ ਟੀਚਰ ਸਕੂਲ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ।

ਇਸ ਦੌਰਾਨ 52 ਦੇ ਕਰੀਬ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ ਜਿਸ ਵਿਚ ਵਾਈ ਐਸ ਸਕੂਲ ਦੀਆਂ 14 ਬੱਸਾਂ ਦੇ ਚਲਾਨ ਕੱਟੇ ਗਏ ਜੋ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਅਨੁਸਾਰ ਢੁੱਕਵੀਆਂ ਨਹੀਂ ਸਨ। ਇਸ ਮੌਕੇ ਬਾਲ ਸੁਰੱਖਿਆ ਅਫ਼ਸਰ ਸ੍ਰੀਮਤੀ ਗੁਰਜੀਤ ਕੌਰ ਨੇ ਦੱਸਿਆ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਅਨੁਸਾਰ ਹਰ ਸਕੂਲੀ ਵੈਨ ਵਿਚ ਸੀ.ਸੀ. ਟੀ.ਵੀ ਕੈਮਰਾ, ਖਿੜਕੀ ਤੇ ਲੋਹੇ ਦੀ ਗਰਿੱਲ, ਮੁਢੱਲੀ ਸਹਾਇਤਾ ਬਾਕਸ, ਮਹਿਲਾ ਕਡੰਕਟਰ, ਅੱਗ ਬੁਝਾਊ ਯੰਤਰ, ਲਾਇਸੈਂਸ, ਹੋਣਾ ਲਾਜ਼ਮੀ ਹੈ । ਉਨ੍ਹਾਂ ਕਿਹਾ ਕਿ ਕਿਸੇ ਵੀ ਸਕੂਲ ਬੱਸ ਵਿਚ ਲੋੜ ਤੋਂ ਵੱਧ ਬੱਚੇ ਨਹੀਂ ਬੈਠੇ ਹੋਣੇ ਚਾਹੀਦੇ ਅਤੇ ਹਰ ਡਰਾਇਵਰ ਹਦਾਇਤਾਂ ਅਨੁਸਾਰ ਵਰਦੀ ਵਿਚ ਹੋਣਾ ਚਾਹੀਦਾ ਹੈ। ਕੋਈ ਵੀ ਡਰਾਇਵਰ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਵੈਨ ਨਹੀਂ ਚਲਾਏਗਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਬਰਜਿੰਦਰਪਾਲ ਸਿੰਘ ਨੇ ਦੱਸਿਆ ਕਿ ਜੇਕਰ ਕੋਈ ਵੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੋਇਆ ਪਾਇਆ ਗਿਆ ਤਾਂ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਮੁਤਾਬਿਕ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਸ ਮੌਕੇ ਸ੍ਰੀ ਰੁਪਿੰਦਰ ਸਿੰਘ ਬਾਲ ਸਰੁੱਖਿਆ ਅਫ਼ਸਰ, ਮੈਡਮ ਪ੍ਰਿਤਪਾਲ ਕੌਰ, ਸ੍ਰੀ ਬਲਵਿੰਦਰ ਸਿੰਘ, ਟਰੈਫਿਕ ਵਿਭਾਗ ਤੋਂ ਗੁਰਚਰਨ ਸਿੰਘ ਸ਼ਾਮਿਲ ਸਨ।